ਸਹ ਸਕ ਲੂਮਤਿ ਨ ਮਿਲਤ ਮਰਾਲ ਮਾਲ
ਜੀਵ ਘਾਤ ਕਰਤ ਨ ਮੋਨੀ ਬਗ ਧਯਾਨ ਹੈ।

(ਮਰਾਲ ਮਾਲ) ਹੰਸਾਂ ਦੀਆਂ ਡਾਰਾਂ (ਮੋਨੀ ਬਗ) ਚੁਪ ਵਟਣ ਵਾਲਾ ਬਗਲਾ। ਜਿਕੂੰ ਕੇ [illegible] ਕਾਲਾ ਤੇ ਚਿੱਟੇ ਵਰਨ ਵਾਲਾ ਬਗਲਾ ਹੰਸਾਂ ਵਿਚ ਨਹੀਂ ਮਿਲ ਸਕਦਾ ਕਿਉਂਕਿ ਉਹ ਜੀਵਾਂ ਦੇ ਮਾਰਨ ਤੋਂ (ਚੁਪ ਕਰਕੇ ਧਯਾਨ ਲਾਕੇ ਮੱਛੀ ਫੜਨ ਦਾ ਕਿਆ) ਨਹੀਂ ਹਟਦਾ॥

ਸਿਖ ਗੁਰਦੇਵ ਸੇਵ ਆਨਦੇਵ ਸੇਵਕ ਹੈ
ਸਾਖੀ ਤਨਾਗ ਚੰਦਨ ਦੁਰੰਧ ਅਸਥਾਨ ਹੈ॥੪੬੦

ਜਿਹੜਾ ਬਿਮੁਖ ਬਿਨਾਂ ਗੁਰਦੇਵ ਦੀ ਸੇਵਾ ਤੋਂ ਹੋਰ (ਆਨ) ਦੇਵ [illegible] ਦਾ ਸੇਵਕ ਹੁੰਦਾ ਹੈ ਉਸਨੂੰ ਵਿਸਰ ਦਾ ਜਾਣੋ ਜਿਕੂੰ ਮਖੀ ਚੰਦਨ ਨੂੰ ਛਡਕੇ ਦੁਰਗੰਧੀ (ਗੰਦਗੀ) ਤੇ (ਥਾ ਕਰਦੀ ਕਿਆ) ਰਹਿੰਦੀ ਹੈ।

ਮਾਖੀ ਰਾਮ ਕੀ ਤੂ ਮਾਖੀ। ਜਹ ਦੁਰਗੰਧ ਤਹਾ ਤੂ ਬੈਸਹਿ
ਮਹਾ ਬਿਖਿਆ ਮਦ ਚਾਖੀ ॥ ੪੬੪ ॥ (ਸਾਰਗ ਗੁਰੂ ਮ:)

ਜਗਤ ਵਣਜਾਰਾ ਦੇਵਤਿਆਂ ਪਾਸੋਂ ਘਾਟਾ ਖਾਕੇ ਇਕ ਗੁਰਾਂ ਪਾਸ ਲੈਂਦਾ ਹੈ॥

ਆਨ ਹਾਟ ਕੇ ਬਟੂਆ ਲੇਤ ਹੈ ਘਟਾਇ ਮੋਲ
ਦੇਤ ਹੈ ਚੁਕਾਇ ਬਪਰ ਜੈਸੀ ਆਵੈ ਸੀ।

[illegible] ਹੋਰ ਹੱਟੀ ਵਾਲੇ (ਹਟ ਹਿ ਦੇਵਤੇ ਆਦਕ) ਅਗਲੇ ਪਾਸੋ ਮੁਲ ਘਟਾ ਕੇ ਲੈਂਦਾ ਹੈ ਦੇਂਦਾ ਹਨ ਅਤੇ ਆਪਣਾ ਸੌਦਾ ਮੁਲ ਵਧਾ (ਵਧਾ) ਕੇ ਦਿੰਦੇ [illegible] [illegible] ਜਿਹੜਾ ਵਣਜ ਬਣੀਆਂ ਦੇਵਤਿਆਂ ਪਾਸ ਲੈਂਦਾ ਹੈ ਉਸਨੂੰ [illegible] ਨਰਾ ਲੈਂਦੇ ਹਨ॥

ਤਿਨ ਮੈ ਬਨਜ ਕੀਏ ਬਨਤਾ ਨ ਪਾਵੈ ਕੋਊ
ਤੈਸਾ ਹੀ ਸਨਜ ਪੇਖਿ ਪੇਖਿ ਪਛੁਤਾਵੈ ਸੀ।

[illegible] ਉਨ੍ਹਾਂ ਨਾਲ ਸੌਦਾ ਕਰਕੇ ਲਾਭ ਤੇ ਕੋਈ ਪੌਂਹਚ ਹੀ ਨਹੀਂ ਹੈ (ਅਤੇ ਹੋਰਨ ਲੁਟਿਆਂ ਠਗਿਆਂ ਚਲਿਆ ਹੀ ਜਾਂਦਾ ਹੈ) ਉਹ ਮਾਰੇ [illegible] ਦਾ ਸੌਦਾ ਦੇਖ ਦੇਖਕੇ [illegible] ਸਕਦਾ ਹੈ॥

ਸਾਹ ਹੂੰਕੀ ਹਾਟੀ ਜੈਸੇ ਹਟੀ ਏਕੈ ਭਾਵ ਕੋਊ

ਕਪਟ ਬਿਉਹਾਰ ਕੀਏ ਆਪਹਿ ਠਗਾਵੈ ਜੌ ।

ਜਿਵੇਂ ਠਗਣੀ ਦੀ ਤੁਲੀ ਇਕ ਵੇਰੀ ਚਲਦੀ ਹੈ ਜਿਵੇਂ ਹੀ ਜੇਹੜਾ ਖੋਟਾ ਵਿਵਹਾਰ ਕਰਦਾ ਹੈ ਉਹ ਆਪਣੇ ਆਪਨੂੰ ਸਦਾ ਠਗਾਂਦਾ ਹੈ ਮੈਂ ਠਗਾਹਾਂ॥

ਸਤਿਗੁਰ ਸਾਧ ਗੁਨ ਦੇਤ ਅਵਗੁਨ ਲੇਤ
ਸੁਨ ਸੁਨ ਸੁਜਸ ਜਗਤ ਉਠ ਧਾਵੈ ਜੀ ॥ ੪੬੧॥

ਸਤਗੁਰੂ ਸਭ ਸਾਧ ਜਨ ਗੁਣਾਂ ਨੂੰ ਦੇਂਦੇ ਅਤੇ ਔਗੁਣਾਂ ਨੂੰ ਲੈਂਦੇ ਨਾਸ ਕਰਦੇ ਹਨ ਜਿਵੇਂ ਸੁਣ ੨ ਕੇ ਸੁੰਦਰ ਜਸ ਜਗਤ ਮੱਥਿਆਂ ਭਾਰ ਦੌੜਿਆ ਔਂਦਾ ਹੈ ॥ ੪੬੧ ॥

ਜਿਵੇਂ ਸਭ ਪੱਥਰਾਂ ਦੀਆਂ ਮੂਰਤੀਆਂ ਸਰਬ ਸਕਤੀ ਮਾਨ ਦੀ ਥਾਂ ਨਹੀਂ ਕਰ ਸਕਦੀਆਂ ਇਵੇਂ ਹੀ ਦੇਵਤੇ ਗੁਰੂ ਦੀ ਨਹੀਂ ॥

ਪੂਰਨ ਬ੍ਰਹਮ ਸਮਸਰਿ ਦੂਤੀਆ ਨਾਸਤ
ਪ੍ਰਤਿਮਾ ਅਨੇਕ ਹੋਇ ਕੈਸੇ ਠਹਿਰਾਵਈ ।

ਵਾਹਿਗੁਰੂ ਵਿਆਪਕ ਬ੍ਰਹਮ ਵਰਗਾ ਦੂਜਾ ਨਾਸ ਹੈ (ਉਸਦੇ ਬਰਾਬਰ ਹੋਰ ਕੋਈ ਨਹੀਂ ਹੈ) ਅਤੇ ਪੱਥਰ ਦੀਆਂ ਬਾਹਲੀਆਂ ਮੂਰਤਾਂ ਕਿਵੇਂ ਉਸਦੇ ਸਮਾਨ ਬਣ ਸਕਦੀਆਂ ਨੇ ॥

ਘਟ ਘਟ ਪੂਰਨ ਬ੍ਰਹਮ ਦੇਖੈ ਸੁਨੈ ਬੋਲੈ
ਪ੍ਰਤਿਮਾ ਮੈ ਕਾਹੇ ਨ ਪ੍ਰਗਟ ਹ੍ਵੈ ਦਿਖਾਵਈ ।

ਜੀਵਾਂ ਦੇ ਹਿਰਦੇ ਵਿਚ ਵਿਆਪਕ ਵਾਹਿਗੁਰੂ ਵੇਖਦਾ, ਸੁਣਦਾ ਬੋਲਦਾ ਹੈ ਅਤੇ ਜੇ ਮੂਰਤੀਆਂ ਵਿਚ ਪਰਮਾਤਮਾ ਹੋਵੇ ਤਾਂ ਪ੍ਰਗਟ ਹੋਕੇ ਆਪਣੇ ਆਪ ਨੂੰ ਕਿਉਂ ਨਾ ਦਿਖਾਵੇ। ਵਾ ਪਰਮਾਤਮਾ ਚਾਹੁਣ ਮੂਰਤੀ ਦੀ ਬਣੀ ਹੋਈ ਵੇਖੇ ॥

ਧਾਤ ਘਰ ਘਰਨਿ ਅਨੇਕ ਭੇਖ ਰੂਪ ਧਾਰੇ
ਪ੍ਰਤਿਮਾ ਸਕਲ ਦੇਵ ਹੋਇ ਨ ਸਹਾਵਈ ।

ਜਿਵੇਂ ਪ੍ਰਮੇਸ਼ਰ ਭਾਂਡਿਆਂ ਨੂੰ ਘੜ ੨ ਕੇ ਇਕ ਮਿੱਟੀ ਦੇ ਅਨੇਕ ਰੂਪ ਬਣਾ ਦਿੱਤਾ ਹੈ ਇਵੇਂ ਹੀ ਜੀਵਾਂ ਦੇ ਹਿਰਦੇ [illegible] ਵਿਚ ਪ੍ਰਭੂ ਆਪ ਅਨੇਕ ਰੂਪ ਹੋ ਗਿਆ ਹੈ ਅਪਣਾ ਸੂਖਮ ਰੂਪ ਹੋਕੇ ਧਾਰ ਲਿਆ ਹੈ ਅਤੇ ਪੱਥਰ ਮੂਰਤੀਆਂ ਸਾਰੀਆਂ (ਦੇਵ) ਪ੍ਰਗਟ ਰੂਪ ਵਾਹਿਗੁਰੂ [illegible] ਹੋ ਨਹੀਂ ਸਕਦੀਆਂ । "ਦੇਵਤਿਆਂ ਨਾਲੋਂ ਸਾਡੇ ਗੁਰੂ [illegible]

[illegible]

ਸਤਿਗੁਰ ਪੂਰਨ ਬ੍ਰਹਮ ਸਾਵਧਾਨ ਸੋਈ
ਏਕ ਜੋਤਿ ਮੂਰਤਿ ਜੁਗਤਿ ਹੁਇ ਪੁਜਾਵਈ ॥੪੬੨।

ਜੋ ਇਕ ਜੋਤਿ ਵਾਲਾ ਵਿਆਪਕ ਵਾਹਿਗੁਰੂ ਹੈ ਓਹੋ ਹੀ (ਜੁਗਤਿ) ਦੂਜੀ ਮੂਰਤੀ (ਸਾਵਧਾਨ) ਪ੍ਰਗਟ ਹੋਕੇ ਆਪਣੇ ਆਪਨੂੰ ਗੁਰੂ ਪੁਜਾ ਰਿਹਾ ਹੈ ॥

ਗੁਰਾਂ ਦੇ ਚਰਨਾਂ ਕਮਲਾਂ ਤੇ ਜੋ ਸਿਖ ਭੌਰੇ ਵਿਹਾਰ ਆਦਿ ਕਾ ਇੰਝੂਰ ਦਖ ਸੋਏ ਹਨ ॥

ਮਾਨਸਰ ਤਿਆਗਿ ਆਨਸਰ ਜਾਇ ਬੈਠੇ ਹੰਸ
ਖਾਇ ਜਲ ਜੰਤ ਹੰਸ ਬੰਸ ਕੋ ਲਜਾਵਈ।

ਜਿਵੇਂ ਮਾਨ ਸਰੋਵਰ ਨੂੰ ਛਡਕੇ ਹੋਰ ਤਲਾਵ ਤੇ ਹੰਸ ਜਾ ਬੈਠੇ ਤਾਂ ਜਲ ਦੇ ਜੀਵਾਂ ਨੂੰ ਖਾਂਦਾ ਹੈ ਅਤੇ ਆਪਣੀ ਵੰਸ ਨੂੰ ਲਜਾ ਲਾਂਦਾ ਹੈ ॥

ਜਲਹਿ ਬਿਛੋਹ ਭਏ ਜੀਵਤ ਜੌ ਰਹੈ ਮੀਨ
ਕਪਟ ਸਨੇਹ ਕੈ ਸਨੇਹੀ ਨ ਕਹਾਵਈ।

(ਜਲਹਿ) ਪਾਣੀ। (ਮੀਨ) ਮਛੀ। ਜਿਵੇਂ ਜੇ ਪਾਣੀ ਤੋਂ ਵਿਛੜਕੇ ਮੱਛੀ ਜੀਉਂਦੀ ਰਹੇ ਤਾਂ ਓਹ ਖੋਟੇ ਪ੍ਰੇਮ ਕਰਕੇ ਪ੍ਰੇਮਣ ਨਹੀਂ ਕਹੌਂਦੀ ॥

ਬਿਨੁ ਘਨ ਬੂੰਦ ਜੌ ਅਨਤ ਜਲ ਪਾਨ ਕਰੈ
ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ।

ਪਪੀਹਾ ਜੇ ਬਦਲ ਦੀ ਸ੍ਵਾਤੀ ਬੂੰਦ ਦੇ ਪਾਣੀ ਤੋਂ ਬਿਨਾ ਹੋਰ ਪਾਣੀ ਨੂੰ ਪੀਵੇ ਤਾਂ ਆਪਣੀ ਔਲਾਦ ਵਿਚ ਆਪ ਕਲੰਕ ਲਾਉਂਦਾ ਹੈ ॥

ਚਰਨ ਕਮਲ ਅਲਿ ਗੁਰ ਸਿਖ ਮੋਖ ਹੋਇ
ਆਨ ਦੇਵ ਸੇਵਕ ਹ੍ਵੈ ਅਕਤਿ ਨ ਪਾਵਈ ॥੪੬੩॥

ਜਿਵੇਂ ਕਿ ਜੇਹੜਾ ਸਿਖ ਗੁਰਾਂ ਦੇ ਚਰਨਾਂ ਕਮਲਾਂ ਤੇ ਭੌਰੇ ਵਾਕਰ ਮਗਨ ਹੋਯਾ ਹੈ ਓਹ ਮੁਕਤ ਹੋ ਜਾਂਦਾ ਹੈ ਅਤੇ ਜੋ ਸਿਖ ਕਹਾਕੇ ਹੋਰ ਦੇਵਤਿਆਂ ਦਾ ਸੇਵਕ ਬਣੇ ਓਹ ਮੁਕਤੀ ਨੂੰ ਨਹੀਂ ਪੌਂਦਾ ॥ ੪੬੩ ॥

ਜਿਵੇਂ ਕਿ ਜੇਹੜਾ ਨੌਕਰ ਆਪਣੇ ਮਾਲਕਾਂ ਨੂੰ ਛਿਡਕੇ ਹੋਰ ਦੀ ਚਾਕਰੀ ਕਰੇ ਓਹ ਜਗਤ ਵਿਚ ਲਜਾ ਪ੍ਰਸਿੱਧ ਹੁੰਦਾ ਹੈ ॥

ਕੈਊ ਜੋ ਸਰਾਪਿ ਸ੍ਵਾਨ ਭੂਖੀਆ ਮਿਲਾਵੈ ਆਨਿ

ਤਾ ਪਰ ਪ੍ਰਸੰਨ ਹੋਤ ਨਿਰਖ ਨਰਿੰਦ ਜੀ ।

(ਮਵਾਸਿ) ਆਕੀ । ਜਿਕੁਰ ਜੇ ਕੋਈ ਨੌਕਰ ਆਕੀ ਰਾਜੇ ਨੂੰ ਜਿਤਕੇ ਆਪਣੇ ਰਾਜੇ ਦੀ ਸ਼ਰਨ ਲਿਆ ਆਵੇ ਤਾਂ ਉਸ ਨੌਕਰ ਉਤੇ ਰਾਜਾ ਵੇਖਕੇ ਬਹੁਤਾ ਰਾਜੀ ਹੁੰਦਾ ਹੈ ॥

ਕੋਊ ਜੌ ਨ੍ਰਿਪਤ ਭ੍ਰਿਤ ਰਾਜਾ ਜਾਇ ਭੂਮੀਆ ਪੈ
ਧਾਇ ਮਾਰੇ ਭੂਮੀਆ ਕੋ ਸਹਤ ਰਜਿੰਦ ਜੀ ।

(ਨ੍ਰਿਪਤ) ਰਾਜਾ। (ਭ੍ਰਿਤ) ਦਾਸ। (ਰਜਿੰਦ) ਰਾਜਾ। ਜੇ ਕੋਈ ਰਾਜੇ ਦਾ ਦਾਸ ਹੋਕੇ ਕਿਸੇ ਛੋਟੇ ਜਿਹੇ ਜਿਮੀਦਾਰ ਪਾਸ ਘਲਿਆ ਜਾਵੇ ਤਾਂ ਉਹ ਰਾਜਾ ਦੌੜਕੇ ਆਪਣੇ ਨੌਕਰ ਦੇ ਨਾਲ ਹੀ ਭੂਮੀਏ ਨੂੰ ਮਾਰ ਦਿੰਦਾ ਹੈ ॥

ਆਨ ਕੋ ਸੇਵਕ ਰਾਜ ਦ੍ਵਾਰ ਜਾਇ ਸੋਭਾ ਪਾਵੈ
ਸੇਵਕ ਨਰੇਸ ਆਨ ਦ੍ਵਾਰ ਜਾਤ ਨਿੰਦ ਜੀ ।

ਜਿਕੁਰ ਜੇ ਕੋਈ ਹੋਰ ਕਿਸੇ ਛੋਟੇ ਜਿਹੇ ਦਾ ਆਦਮੀ ਰਾਜੇ ਦੇ ਬੂਹੇ ਤੇ ਘਲਿਆ ਜਾਵੇ ਤਾਂ ਸ਼ੋਭਾ ਪੌਂਦਾ ਹੈ ਅਤੇ ਜੇ ਰਾਜੇ ਦਾ ਸੇਵਕ ਕਿਸੇ ਹੋਰ ਛੋਟੇ ਜਿਹੇ ਆਦਮੀ ਦੇ ਬੂਹੇ ਤੇ ਘਲਿਆ ਜਾਵੇ ਤਾਂ ਉਸਦੀ ਨਿੰਦਿਆ ਹੁੰਦੀ ਹੈ ॥

ਤੈਸੇ ਗੁਰ ਸਿਖ ਆਨ ਅਨਤ ਸਰਨ ਗੁਰ
ਆਨ ਨ ਸਾਮ੍ਰਥ ਗੁਰ ਸਿਖ ਪ੍ਰਤਿਬਿੰਦ ਜੀ ॥ ੪੬੪॥

ਤਿਕੁਰ ਹੀ ਜੇਹੜੇ ਗੁਰ ਸਿਖ ਕਿਸੇ ਹੋਰ ਨੂੰ ਗੁਰਾਂ ਦੀ ਚਰਨ ਸ਼ਰਨ ਲਿਆ ਔਂਦੇ ਤਾਂ ਸਿਖਾਂ ਦੀ ਸੋਭਾ ਓਹਨਾਂ ਔਣ ਵਾਲਿਆਂ ਦੇ ਸਹਿਤ ਹੀ ਹੁੰਦੀ ਹੈ

ਅਤੇ ਜੇ ਗੁਰ ਸਿਖ ਚਲੇ ਜਾਣ ਤਾਂ ਦੁਖ ਪੌਂਦੇ ਹਨ ਅਤੇ ਗੁਰ ਸਿਖਾਂ ਤਾਈਂ ਗੁਰਾਂ ਤੋਂ ਬਿਨਾਂ ਹੋਰ ਕੋਈ ਅਜਿਹਾ ਸਾਮਰਥ ਰਖਣ ਵਾਲਾ ਭੀ ਨਹੀਂ (ਬਿੰਦ) ਜਾਣੀ ਦਾ ॥ ੪੬੪ ॥

"ਗੁਰ ਸੇਵਕ ਅਤੇ ਦੇਵ ਸੇਵਕ ਇਕੁਰ ਪਛਾਣੇ ਜਾਂਦੇ ਹਨ ॥

ਜੈਸੇ ਉਪਬਨ ਆਂਬ ਸੇਂਬਲ ਹੈ ਊਚ ਨੀਚ
ਨਿਹਫਲ ਸਫਲ ਪ੍ਰਗਟ ਪਹਿਚਾਨੀਐ ।

ਜਿਕੁਰ (ਉਪਬਨ) ਬਾਗ ਵਿਚ ਅੰਬ ਸਹਿਤ ਫਲ ਦੇ ਨੀਵਾਂ ਹੋਇਆ ਅਤੇ ਸਿੰਮਲ (ਸਿੰਮਲ ਬ੍ਰਿਛ ਸਰਾਹਿਯਤ ਅਤਿ ਦੀਰਘ ਅਤਿ ਮੂਰ। ਆਸ ਲਾਗ ਛੁਟੈ ਮੂਨਾ ਸਿੰਮਲ ਰੁਖ ਸਰੀਰ ਮੈ ਮੈਜਨ ਦੇਖਿ ਭੁਲੰਨਿ। ਸੂਹੀ ਮਹਲਾ ੧)

ਗੁਰ ਵਲੋਂ ਤੇ ਬਿਨਾਂ ਗੁਰੂ ਹੋਰ ਦੇਵਤਿਆਂ ਪਾਸੋਂ ਪ੍ਰਗਟ ਆਇਆ ਜਾਂਦਾ ਹੈ ॥

ਚੰਦਨ ਸਮੀਪ ਜੈਸੇ ਬਾਂਸ ਔ ਬਨਾਸਪਤੀ
ਬੈਧ ਨਿਰਗੰਧ ਸਿਵ ਸਕਤਿ ਕੈ ਜਾਨੀਐ ।

ਜਿਵੇਂ ਬਾਂਸ ਬਨਾਸਪਤੀ ਦੇ (ਸਮੀਪ) ਪਾਸ ਜਾਂਦੇ ਚੰਦਨ ਦਾ ਬਿਰਛ ਸੁਗੰਧੀ ਕਰਦੇ (ਸਿਵ) ਠੰਢਾ ਅਤੇ ਵਾਂਸ ਸੁਗੰਧੀਆਂ ਤੋਂ ਬਿਨਾਂ (ਸਕਤਿ) ਤੱਤਾ ਹੋਣ ਕਰਕੇ ਜਾਣ ਲਈਦਾ ਹੈ ॥

ਸੀਪ ਸੰਖ ਦੋਊ ਜੈਸੇ ਰਹਤ ਸਮੁੰਦ੍ਰ ਬਿਖੈ
ਸ੍ਵਾਂਤਿ ਬੂੰਦ ਅੰਤਰ ਨ ਸਮਤ ਬਿਧਾਨੀਐ ।

ਜਿਵੇਂ ਸਿੱਪੀ ਤੇ ਸੰਖ ਦੋਵੇਂ ਸਮੁੰਦ੍ਰ ਵਿਚ ਰਹਿੰਦੇ ਹਨ ਅਤੇ ਸਿੱਪੀ ਨੇ ਸ੍ਵਾਂਤੀ ਬੂੰਦ ਦੇ ਮੇਲ ਨਾਲ ਮੋਤੀ ਰੂਪ (ਅੰਤਰ) ਅੰਦਰ (ਫਰਕ) ਪ੍ਰਗਟ ਕਰਨੀ ਅਤੇ ਸੰਖ ਨੇ ਖਾਲੀ ਰਹਿਣਾ ਦੋਵੇਂ (ਸਮਤ) ਬਰਾਬਰ (ਬਿਧਾਨੀਐ) ਹੋਣੀ ਵਾਲੇ ਨਹੀਂ ਕਹੀਂਦੇ ॥

ਤੈਸੇ ਗੁਰਦੇਵ ਆਨ ਦੇਵ ਸੇਵਕਨ ਭੇਦ
ਅਹੰਬੁਧਿ ਨਿੰਮ੍ਰਤਾ ਅਮਾਨ ਜਗ ਮਾਨੀਐ ॥ ੪੬੫

ਇਵੇਂ ਹੀ ਗੁਰ ਦੇਵ ਜੀ ਦੇ ਸੇਵਕ ਅਤੇ (ਆਨ) ਹੋਰ ਦੇਵਤਿਆਂ ਦੇ ਸੇਵਕਾਂ ਵਿਚ (ਭੇਦ) ਫਰਕ ਹੈ ਕਿਉਂਕਿ ਓਹ ਤਾਂ ਅਹੰਕਾਰ ਵਾਲੀ ਅਕਲ ਵਾਲੇ ਹਨ ਅਤੇ ਗੁਰਸਿਖ ਨਿਮ੍ਰਤਾ ਹੰਕਾਰ ਰਹਤ ਜਗਤ ਵਿਚ ਮੰਨੀਦੇ ਹਨ ॥੪੬੫॥
ਗੁਰ ਸੇਵਕ ਗੁਰਾਂ ਬਿਨਾ ਦੇਵਤੇ ਆਦਿਕਾਂ ਨੂੰ ਛਡਕੇ ਕਿਵੇਂ ਪ੍ਰੇਮ ਕਰਦੇ ਹਨ ॥

ਜੈਸੇ ਪਤਿਬ੍ਰਤਾ ਪਰ ਪੁਰਖੈ ਨ ਦੇਖਿਓ ਚਾਹੈ
ਪੂਰਨ ਪਤਿਬ੍ਰਤਾ ਕੈ ਪਤਿ ਹੀ ਮੈ ਧਿਆਨ ਹੈ ।

ਜਿਵੇਂ ਪਤੀ (ਸੁਹਣੀਆ ਇਸਤ੍ਰੀ ਵੇਖ ਸਭ ਪ੍ਰਕਾਰ ਆਦਿਕ) ਇਸਤ੍ਰੀ ਪਰਾਏ ਆਦਮੀ ਨੂੰ ਨਹੀਂ ਵੇਖਣਾ ਚਾਹੁੰਦੀ ਅਤੇ ਪੂਰਾ ਪਤਿਬ੍ਰਤਾ ਧਾਰ ਕਰਕੇ ਪਤੀ ਵਿਚ ਹੀ ਧਿਆਨ ਰਖਦੀ ਹੈ ॥

ਸਰਿਤਾ ਸਮੁੰਦ੍ਰ ਸਰ ਚਾਤ੍ਰਿਕ ਨ ਚਾਹੈ ਕਾਹੂੰ
ਆਸ ਘਨ ਬੂੰਦ ਪ੍ਰਿਅ ਪ੍ਰਿਅ ਗੁਨਗਾਨ ਹੈ ।

(ਸਰ ਸਰਿਤਾ) ਤਾਲ ਨਦੀ । ਜਿਵੇਂ ਬਾਵੇਂ ਨਦੀਆਂ, ਸਮੁੰਦ੍ਰ, ਤਲਾਬ ਭਰੇ ਹਨ ਪਰ (ਚਾਤ੍ਰਿਕ) ਪਪੀਹਾ ਕਿਸੇ ਦੇ ਪਾਣੀ ਨੂੰ ਭੀ ਨਹੀਂ ਚਾਹੁੰਦਾ ਕਿਉਂਕਿ

ਕਿ ਉਸਦੀ ਆਸਾ ਬੰਧਨ ਵੀ ਝੂਠੀ ਹੋਏ ਵਿਚ ਪੈਂਦੀ ਹੈ ਤਾਂ ਜਲ ਪਿਆਰੇ ਪਿਆਸੇ ਕਰਕੇ ਜਾਨ ਦੇਂਦਾ ਹੈ ॥

ਦਿਨ ਕਰ ਓਰ ਤੋਰ ਚਾਹਤ ਚਕੋਰ ਨਾਹੀ
ਮਨ ਬਚ ਕ੍ਰਮ ਹਿਮਕਰ ਪ੍ਰਿਆ ਪ੍ਰਾਨ ਹੈ।

ਜਿਕੂਰ ਚਕੋਰ ਸੂਰਜ (ਦਿਨ ਕਰਨ) ਨੂੰ ਚਾਹੁੰਦਾ ਹੀ ਨਹੀਂ ਦਿਸਦਾਂ ਹੀ ਹੁੰਦਾ ਅਤੇ ਮਨਬਾਣੀ ਸਰੀਰ ਕਰਕੇ ਚੰਦ੍ਰਮਾਂ ਨੂੰ ਪ੍ਰਾਣਾਂ ਤੋਂ ਪਿਆਰਾ ਸਮਝਦਾ ਹੀ।

ਤੈਸੇ ਗੁਰ ਸਿਖ ਆਨ ਦੇਵ ਸੇਵ ਰਹਤ ਪੈ
ਸਹਜ ਸੁਭਾਵ ਨ ਅਵੱਗਿਆ ਅਭਿਮਾਨ ਹੈ॥੪੯੬॥

ਤਿਕੂਰ ਹੀ ਗੁਰਸਿਖ (ਆਨ) ਹੋਰ ਦੇਵਤਿਆਂ ਦੀ ਸੇਵਾ ਪਾਸੋਂ ਰਹਤ ਹੋਏ ਹਨ ਅਤੇ ਸ਼ਾਂਤੀ ਸੁਭਾਉ ਕਰਕੇ ਅਵੱਗਿਆ ਹੰਕਾਰ ਵਾਲੇ ਨਹੀਂ ਹਨ॥੪੯੬॥

ਗੁਰਾਂ ਦਾ ਸੇਵਕ ਹੋਕੇ ਦੇਵਤਿਆਂ ਦਾ ਜੇਹੜਾ ਸਿਖ ਸੇਵਕ ਬਣਦਾ ਹੈ ਓਹ ਜਮਾਂ ਦੇ ਡੰਡੇ ਖਾਂਦਾ ਹੈ ਅਤੇ ਇਕੂਰ ਓਹ ਦੁਖੀ ਹੁੰਦਾ ਹੈ॥

ਦੋਇ ਦਰਪਨ ਦੇਖੇ ਏਕ ਸੈ ਅਨੇਕ ਰੂਪ
ਦੋਇ ਨਾਵ ਪਾਵ ਧਰੇ ਪਹੁਚੈ ਨ ਪਾਰ ਹੈ।

(ਦਰਪਨ) ਸ਼ੀਸ਼ਾ। ਜਿਕੂਰ ਦੋ ਸ਼ੀਸ਼ਿਆਂ ਵਿਚ ਵੇਖੀਏ ਤਾਂ ਇਕ ਰੂਪ ਤੋਂ ਅਨੇਕਾਂ ਰੂਪ ਦਿਸਦੇ ਹਨ ਜਿਕੂਰ ਦੋ ਬੇੜੀਆਂ ਤੇ ਪੈਰ ਰਖਣ ਨਾਲ ਪਾਰ ਨਹੀਂ ਹੋਈਦਾ ॥

ਦੋਇ ਦਿਸਾ ਗਹੇ ਗਹਾਏ ਸੈਂ ਹਾਥ ਪਾਊਂ ਟੂਟੇ
ਦੁਰਾਹੇ ਦੁਚਿਤ ਹੋਇ ਭੂਲ ਪਰਾ ਧਾਰ ਹੈ।

ਜਿਕੂਰ ਦੋਆਂ ਪਾਸਿਆਂ ਵਲੋਂ ਆਪਣੇ ਆਪ ਕਿਸੇ ਨੂੰ ਫੜਨ ਅਤੇ ਆਪਣਾ ਸਰੀਰ ਕਿਸੇ ਨੂੰ ਫੜੌਣ ਨਾਲ ਹੱਥ ਪੈਰ ਟੁਟ ਜਾਂਦੇ ਹਨ ਅਤੇ ਦੋ ਰਸਤਿਆਂ ਵਲ ਦੁਚਿਤਾ ਹੋਕੇ ਤੁਰੇ ਤਾਂ ਭੁਲਣ ਵਿਚ ਹੀ ਪੈਰ ਰਖੇਗਾ॥

ਦੋਇ ਕੂਪ ਤਾਕੈ ਗਾਉ ਪਨਿਹਾ ਨ ਸੁਖੀ ਹੋਤ
ਦੋਇ ਪੁਰਖਨ ਕੀ ਨ ਕੁਲਾ ਬਧੂ ਨਾਰਿ ਹੈ।

ਜਿਕੂਰ ਜਿਥੇ ਦੋ (ਕੂਪ) ਖੂਹ ਹੋਣ ਓਥੇ ਪਿੰਡ ਦੇ ਹੋਣ ਓਹ ਪਾਣੀ ਭਰਨ ਵਾਲੀ ਸੁਖੀ ਨਹੀਂ ਹੁੰਦੀ ਅਤੇ ਦੋ ਆਦਮੀਆਂ ਦੀ ਇਕ ਇਸਤ੍ਰੀ ਉਚੀ ਕੁਲ ਦੀ ਵਿਆਹੀ ਨਹੀਂ ਹੋ ਸਕਦੀ॥

ਗੁਰ ਸਿਖ ਹੋਇ ਅਨ ਦੇਵ ਸੇਵ ਟੇਕ ਗਹੈ
ਸਹੈ ਜਮਡੰਡ ਧ੍ਰਿਗ ਜੀਵਨ ਸੰਸਾਰ ਹੈ ॥ ੪੬੭॥

ਜੇਹੜਾ ਗੁਰੂ ਦਾ ਸਿਖ ਹੋਕੇ ਹੋਰ ਦੇਵਤੇ ਦੀ ਬੁਰੀ ਆਦਤ ਪੈਣ ਕਾਰਨ ਸੇਵਾ ਦੀ ਟੇਕ ਪਕੜਦਾ ਹੈ ਓਹ ਜਮਾਂ ਦੇ ਡੰਡਿਆਂ ਨੂੰ ਸਹਾਰਦਾ ਹੈ ਅਤੇ ਏਹੋ ਜੇਹਿਆਂ ਦਾ ਜਿਊਣਾ ਹੀ ਧ੍ਰਿਗ ਹੈ ॥੪੬੭॥

ਜਿਸ ਸਿਖ ਨੇ ਗੁਰਾਂ ਨੂੰ ਪੂਜਿਆ ਹੈ ਉਸਦੇ ਸਾਰੇ ਕੰਮ ਸਫਲ ਹੋ ਜਾਂਦੇ ਹਨ ਅਤੇ ਸਾਰੇ ਦੇਵਤੇ ਵੀ ਉਸਤੇ ਰਾਜ਼ੀ ਹੁੰਦੇ ਹਨ ॥

ਜੈਸੇ ਤੌ ਬਿਰਖ ਮੂਲ ਸੀਂਚੀਐ ਸਲਲਿ ਤਾਹਿ
ਸਾਖਾ ਸਾਖਾ ਪੱਤ੍ਰ ਪੱਤ੍ਰ ਕਰ ਹਰੇ ਹੋਇ ਹੈ ।

(ਸਲਲਿ) ਪਾਣੀ। ਜਿਵੇਂ ਬ੍ਰਿਛ ਦੇ ਜੜ੍ਹ ਨੂੰ ਪਾਣੀ ਸਿੰਜੀਏ ਤਾਂ ਬ੍ਰਿਛ ਦੀ ਹਰ ਟਹਿਣੀ ਪੱਤਰ ਨੂੰ ਪਾਣੀ ਚੜ੍ਹਿਆ ਕਰ ਦਿੰਦਾ ਹੈ (ਅਥਵਾ ਸਭ ਪੱਤ੍ਰ ਆਦਕ ਹਰੇ ਹੋ ਜਾਂਦੇ ਹਨ) ॥

ਜੈਸੇ ਪਤਿਬ੍ਰਤਾ ਪਤਿਬ੍ਰਤ ਸਤਿ ਸਾਵਧਾਨ
ਸਕਲ ਕੁਟੰਬ ਸੁ ਪ੍ਰਸੰਨ ਧੰਨ ਸੋਇ ਹੈ।

ਜਿਵੇਂ ਜਿਹੜੀ ਪਤਿਬ੍ਰਤਾ ਇਸਤ੍ਰੀ ਪਤੀ ਦੇ ਧਰਮ, ਮਤ, ਵਿਚ ਹੁਸ਼ਿਆਰ ਰਹਿ ਕੇ ਸਾਵਧਾਨ ਹੁੰਦੀ ਹੈ ਉਸਤੇ ਸਾਰਾ ਟੱਬਰ ਪ੍ਰਸੰਨ ਹੁੰਦਾ ਹੈ ਅਤੇ ਸੋਭਾ ਦੀ ਧੰਨਤਾ ਜੋਗ ਹੁੰਦੀ ਹੈ ॥

ਜੈਸੇ ਮੁਖ ਦ੍ਵਾਰ ਮਿਸਟਾਨ ਪਾਨ ਭੋਜਨ ਕੈ
ਅੰਗ ਅੰਗ ਤੁਸਟਿ ਪੁਸਟਿ ਅਵਲੋਕਿ ਹੈ ।

(ਤੁਸਟ) ਪ੍ਰਸੰਨ ।(ਅਵਲੋਕਿ) ਵੇਖਣਾ। ਜਿਵੇਂ ਮੂੰਹ ਰਾਹ ਮਿਠਾ ਖੀਤਾ ਅਤੇ ਅੰਨ ਖਾਧਾਏ ਹਰ ਅੰਗ ਅੰਗ ਰਜਕੇ ਤਕੜਾ ਹੋਇਆ ਦੇਖੀਦਾ ਹੈ।

ਤੈਸੇ ਗੁਰ ਦੇਵ ਸੇਵ ਏਕ ਟੇਕ ਜਾਂਹਿ ਤਾਂਹਿ
ਸੁਰ ਨਰ ਫਰੈਂ ਬਲ ਕੋਟਿ ਮਧੇ ਕੋਇ ਹੈ ॥੪੬੮॥

ਜਿਵੇਂ ਹੀ ਇਕ ਪੂਰਨ ਸਰੂਪ ਗੁਰੂ ਦੀ ਸਿਮਰਨ ਓਟ ਫੜੀ ਹੈ ਉਸ ਨੂੰ ਸਾਰੇ (ਸੁਰ) ਦੇਵਤੇ ਆਦਮੀ (ਬਰੰਬੂਹ) ਵਰ ਮੰਨ ਲੈਂਦੇ ਕਿਉਂਕਿ ਆਖਦੇ ਹਨ ਪਰ ਇਹੋ ਜਿਹਾ ਦਾ ਸਿਖ ਹੋਣਾ ਕਿਸੇ ਕਰੋੜਾਂ ਵਿਚੋਂ ਹੀ ਇਕ ਹੁੰਦਾ ਹੈ ॥੪੬੮॥

ਮਨੁੱਖਾ ਜਨਮ ਵਿਚ ਸਿਧੀ ਜੋਗ ਸਭ ਤਿਹੀ ਪਦਵੀ ...

ਸੋਈ ਪਾਰੋ ਖਾਤ ਗਾਤ ਬਿਬਿਧ ਬਿਕਾਰ ਹੇਤ
ਸੋਈ ਪਾਰੋ ਖਾਤ ਗਾਤ ਹੇਤ ਉਪਚਾਰ ਹੈ।

ਸੋਈ ਪਾਰਾ ਕੱਚਾ ਖਾਣ ਨਾਲ ਸਰੀਰ ਵਿਚ ਕਈ ਤਰਾਂ ਦੇ ਰੋਗ ਉਤਪੰਨ ਹੋ ਪੈਂਦੇ ਹਨ ਅਤੇ ਸੋਈ ਪਾਰਾ ਸੰਨਯਾਸ ਰੀਤੀ ਨਾਲ ਮਾਰਕੇ ਖਾਧਿਆਂ ਕਈ ਤਰਾਂ ਦੇ ਰੋਗਾਂ ਉਪਰ ਕਾਹਲਾ ਕਾਰੀ ਇਲਾਜ ਕਾਰਗਰ ਹੁੰਦਾ ਹੈ।

ਸੋਈ ਪਾਰੋ ਪਰਸਤ ਕੰਚਨਹਿ ਸੋਖ ਲੇਤ
ਸੋਈ ਪਾਰੋ ਪਰਸ ਤਾਂਬੇ ਕਨਿਕ ਧਾਰ ਹੈ।

ਕੰਚਨ, ਕਨਿਕ ਸੋਨੇ ਦੇ ਦੋਵੇਂ ਨਾਮ। ਸੋਈ ਪਾਰੇ ਨੂੰ ਸੋਨਾ ਛੋਹ ਦੇਈਏ ਤਾਂ ਸੋਖ ਲੈਂਦਾ ਹੈ ਅਤੇ ਸੋਈ ਪਾਰਾ ਤਾਂਬੇ ਨੂੰ ਛੋਹ ਕੇ ਸੋਨੇ ਦੀ ਧਾਰਨਾ ਧਾਰਦਾ ਹੈ ਭਾਵ ਜਿਨੂੰ ਸੋਨਾ ਦਖ ਦਿੰਦਾ ਹੈ ਉਸ ਨੂੰ ਹੀ ਆਪਣੇ ਵਰਗਾ ਬਣਾ ਲੈਂਦਾ ਹੈ।

ਸੋਈ ਪਾਰੋ ਅਗਹੁ ਹੈ ਹਾਥ ਸੈ ਗਹਿਓ ਨ ਜਾਇ
ਸੋਈ ਪਾਰੋ ਗੁਟਕਾ ਹ੍ਵੈ ਸਿਧ ਨਮਸਕਾਰ ਹੈ।

ਕੱਚਾ ਪਾਰਾ ਅਗਹੁ ਹੈ ਹਥ ਨਾਲ ਫੜਿਆ ਨਹੀਂ ਜਾਂਦਾ ਅਤੇ ਸੋਈ ਪਾਰੋਂ ਸਿਧਾਂ ਖਾਸ (ਮੂੰਹ ਵਿਚ ਪੌਣ ਵਾਲਾ) ਗੁਟਕਾ (ਜਿਸ ਨਾਲ ਸਿਧ ਜਾਣਾ ਚਾਹੁਣ ਜਾ ਸਕਣ) ਹੋ ਜਾਂਦਾ ਹੈ ਤੇ ਨਮਸਕਾਰ ਕਰਨ ਦੇ ਜੋਗ ਹੋਜਾਂਦਾ ਹੈ।

ਮਾਨਸ ਜਨਮ ਪਾਇ ਜੈਸੀਐ ਸੰਗਤ ਮਿਲੈ
ਤੈਸੀ ਪਾਵੈ ਪਦਵੀ ਪ੍ਰਾਪਤ ਅਧਿਕਾਰ ਹੈ ॥੪੬੯॥

ਤਿਵੇਂ ਹੀ ਮਨੁਖਾ ਜਨਮ ਪਾਕੇ ਜਿਹੋ ਜਿਹੀ ਸੰਗਤ ਕਰੇ ਉਸੇ ਤਰਾਂ ਦੇ ਮਰਤਬੇ ਨੂੰ ਪਾ ਲੈਂਦਾ ਹੈ ਅਤੇ ਉੱਕਰ ਦੇ ਅਧਿਕਾਰ ਉਸਨੂੰ ਪ੍ਰਾਪਤ ਹੋ ਜਾਂਦੇ ਹਨ ॥ ੪੬੯ ॥

ਹੋਰ ਦੇਵਤਿਆਂ ਦਾ ਸੇਵਕ ਗੁਰਾਂ ਦੀ ਕਦਰ ਇਕੁਰ ਨਹੀਂ ਜਾਣ ਸਕਦਾ।

ਕੂਆ ਕੋ ਮੇਂਡਕ ਨਿਧਿ ਜਾਨੈ ਕਹਾ ਸਾਗਰ ਕੀ
ਘੋਂਘਾ ਬੂੰਦ ਮਹਿਮਾ ਨ ਸੰਖ ਜੀਅ ਜਾਨਈ।

(ਸਾਗਰ) ਸਮੁੰਦਰ। (ਮੇਂਡਕ) ਡੱਡੂ। ਜਿਵੇਂ ਖੂਹ ਵਿਚ ਰਹਿਣ ਵਾਲਾ ਡੱਡੂ ਸਮੁੰਦਰ ਦੀ ਥਾਹ ਦਾ ਕਿਸ ਤਰਾਂ ਜਾਣ ਸਕਦਾ ਹੈ (ਗੁਰੂ ਜੀ ਫਰਮਾਉਂਦੇ ਹਨ [illegible] 'ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ' ਤੇ ਜਿਵੇਂ [illegible]

ਉਸ ਦੀ ਪੁਰਿਆਂ ਸੇਵ ਨੀਅਰਿਕ ਨਹੀਂ ਜਾਣ ਸਕਦਾ (ਭਾਵ ਸਿੱਖੀ ਜਾਣਦਾ ਹੈ)

ਦਿਨਕਰ ਜੋਤਿ ਕੇ ਉਦੋਤ ਕਹਾ ਜਾਨੈ ਉਲੂ
ਸੇਂਬਲ ਸੈਂ ਕਹਾ ਜਾਨਿ ਸੂਆ ਹਿਤ ਠਾਨਈ।

(ਦਿਨਕਰ) ਸੂਰਜ। (ਸੂਆ) ਤੋਤਾ। ਸੂਰਜ ਚਾਨਣ ਦੀ ਜੋਤ ਦਾ ਪ੍ਰਕਾਸ਼ ਉੱਲੂ ਕਿਵੇਂ ਜਾਣ ਸਕਦਾ ਹੈ ਅਤੇ ਸਿੰਮਲ ਰੁੱਖ ਨਾਲ ਤੋਤਾ ਪ੍ਰੇਮ ਕਰਕੇ ਕਿਆ ਪਾ ਸਕਦਾ ਹੈ ਭਾਵ ਅੰਤ ਆਪਣਾ ਦਾ ਹੀ ਸਿੰਮਲ ਕਰ ਕਰ ਜਲਦਾ॥

ਬਾਇਸ ਨ ਜਾਨਤ ਮਰਾਲ ਮਾਲ ਸੰਗਤ ਕੈ
ਮਰਕਟ ਨ ਮਾਨਕ ਹੀਰਾ ਪਹਿਚਾਨਈ।

(ਬਾਇਸ) ਕਾਂ। (ਮਰਾਲ ਮਾਲ) ਹੰਸਾਂ ਦੀ ਡਾਰ। (ਮਰਕਟ) ਬਾਂਦਰ। ਜਿਵੇਂ ਕਾਂ ਹੰਸਾਂ ਦੀ ਸੰਗਤ ਦੇ ਕਦਰ ਨੂੰ ਨਹੀਂ ਜਾਣ ਸਕਦਾ (ਭਾਵ ਕਾਂ ਹੰਸਾਂ ਦੀ ਰੀਸ ਨਹੀਂ ਕਰ ਸਕਦਾ) ਅਤੇ ਬਾਂਦਰ ਹੀਰਿਆਂ ਮੋਤੀਆਂ ਦੀ ਪਛਾਣ ਨਹੀਂ ਕਰ ਸਕਦਾ॥

ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ
ਰੋਗੀ ਬਹਿਰੋ ਨ ਕਹਿ ਸੁਨ ਮਨ ਮਾਨਈ॥੪੭੦॥

ਜਿਵੇਂ ਰੋਗੀ ਕਹਿਕੇ ਵੀ ਅਤੇ ਸੁਣਕੇ ਮਨ ਵਿਚ ਨਹੀਂ ਮੰਨ ਸਕਦਾ ਭਾਵ ਜਿਵੇਂ ਬੋਲਾ ਸੁਣਨ ਤੇ ਬੋਲਣ ਦੀ ਕਦਰ ਨਹੀਂ ਜਾਣਦੇ ਇਵੇਂ ਹੀ ਹੋਰ ਦੇਵਤਿਆਂ ਦਾ ਸੇਵਕ ਗੁਰਦੇਵ ਦੀ ਸੇਵਾ ਦੀ ਕਦਰ ਨਹੀਂ ਜਾਣ ਸਕਦਾ ॥ ੪੭੦॥

ਗੁਰਮੁਖ ਆਪਣੇ ਵਾਹਿਗੁਰੂ ਵਿਚ ਮਨ ਲਾਂਦੇ ਹਨ, ਅਤੇ ਹੋਰਨਾਂ ਦੇਵਤਿਆਂ ਪਾਸੋਂ ਜਨਮ ਮਰਨ ਛੁਟਕਾਰਾ ਨਹੀਂ ਮਿਲਦਾ ਇਉਂ ਜਾਣਦੇ ਹਨ॥

ਜੈਸੇ ਘਾਮ ਚੀਕਨ ਤਪਤਿ ਅਤਿ ਬਿਖਮ ਕੈ
ਤੇਲਿ ਬਿਹੂਨ ਸਿਧ ਕਰਤਿ ਨ ਗ੍ਰਾਸ ਕੌ।

(ਘਾਮ ਚੀਕਨ) ਧੁਪ ਚਿਕਣੀ। ਜਿਵੇਂ ਧੁਪ ਭਾਵੇਂ ਕਿਤਨੀ ਹੀ ਕੜੀ ਤਿੱਖੀ ਕੜਕੀ ਹੋਵੇ ਪਰ ਅਗਨੀ ਤੋਂ ਬਿਨਾਂ ਅੰਨ ਨੂੰ ਪਕਾ ਨਹੀਂ ਸਕਦੀ॥

ਜੈਸੇ ਨਿਸ ਓਸ ਕੈ ਸਜਲ ਹੋਤ ਭੇਲ ਦਿਨ
ਬਿਨ ਜਲ ਪਾਨ ਨਾ ਨਿਵਾਰਤ ਪਯਾਸ ਕੌ।

(ਨਿਸ ਓਸ) ਰਾਤ ਦੀ ਤ੍ਰੇਲ। ਜਿਵੇਂ ਰਾਤ ਦੀ ਤ੍ਰੇਲ ਭਾਵੇਂ ਸਾਰੀ ਧਰਤੀ ਨੂੰ

ਜਸ (ਮੁੜਕੇ) ਛਿਜਲਾਂਦੇ ਹਨ ਪਰ ਪਾਣੀ ਪੀਣ ਤੋਂ ਬਿਨਾ ਤਿਸ ਤ੍ਰਿਖਾ ਦੀ ਤੋਟ ਨੂੰ(ਚੰਹ ਦੂਰ ਲਾ)ਦੂਰ ਨਹੀਂ ਕਰ ਸਕਦੀ ਭਾਵ ਉਸ ਓਸ ਨਾਲ ਓਹ ਹਰੇ ਨਹੀਂ ਹੋ ਸਕਦੇ॥

ਜੈਸੇ ਹੈ ਗ੍ਰੀਖਮ ਰੁਤਿ ਪ੍ਰਗਟੈ ਪ੍ਰਸੇਦ ਅੰਗ

ਮਿਟਤ ਨ ਕ੍ਯੋਹੂ ਬਿਨ ਪਵਨ ਪ੍ਰਗਾਸ ਕੈ।

ਜਿਕੂਰ ਗਰਮੀ ਦੀ ਬਹਾਰ ਵਿਚ ਸਰੀਰ ਤੇ ਮੁੜਕਾ ਔਂਦਾ ਹੈ ਪਰ ਓਹ ਭੂਕਾ ਮਾਰਿਆਂ ਨਹੀਂ ਦੂਰ ਹੁੰਦਾ ਜਿੰਨਾ ਚਿਰ ਹਵਾ ਨਾ ਚਲੇ॥

ਤੈਸੇ ਆਵਾਗਵਨ ਨ ਮਿਟੈ ਆਨ ਦੇਵ ਸੇਵ

ਗੁਰਮੁਖ ਪਾਵੈ ਨਿਜ ਪਦ ਮੈ ਨਿਵਾਸ ਕੌ॥੪੭੧॥

ਤਿਕੂਰ ਹੀ ਔਣਾ ਜਾਣਾ ਹੋਰ ਦੇਵਤਿਆਂ ਦੀ ਸੇਵਾ ਕਰਕੇ ਨਹੀਂ ਮਿਟ ਸਕਦਾ। "ਇਸ ਲਈ" ਗੁਰਮੁਖ ਆਪਣੇ ਸਰੂਪ ਵਿਚ ਨਿਵਾਸ ਪੌਂਦੇ ਹਨ ਕਿਆ ਵਾਹਿਗੁਰੂ ਵਲ ਲਗਦੇ ਹਨ॥ ੪੭੧॥

ਗੁਰਾਂ ਦੀ ਦਿਆਲਤਾ ਦੇ ਬਰਾਬਰ ਦੇਵਤਿਆਂ ਦੀ ਕਿਰਪਾ ਬਿੱਕੁਲ ਨਹੀਂ ਹੋ ਸਕਦੀ॥

*ਅੰਬ ਕੀ ਸਧਰ ਕਤ ਮਿਟਤ ਆਂਬਲੀ ਖਾਏ

ਪਿਤਾ ਕੋ ਪਿਆਰ ਨ ਪਿਰੋਸੀ ਪਹਿ ਪਾਈਐ।

ਅੰਬ ਦੀ (ਸੱਧਰ) ਲਾਲਸਾ ਇੰਬਲੀ ਖਾਣ ਤੇ ਕਦ ਮਿਟ ਸਕਦੀ ਹੈ ਅਤੇ (ਪ੍ਰਤਿ ਪਾਲ) ਪਿਤਾ ਵਰਗਾ ਪਿਆਰ (ਪਰੋਸੀ) ਗਵਾਂਢੀ (ਪਹਿ) ਪਾਸੋਂ (ਪੁਤ੍ਰ)ਨਹੀਂ ਪਾ ਸਕਦਾ "ਵਾ ਗਵਾਂਢੀ ਨਹੀਂ ਕਰ ਸਕਦਾ"॥

ਸਾਗਰ ਕੀ ਨਿਧਿ ਕਤ ਪਾਈਅਤਿ ਪੋਖਰ ਮੈ

ਦਿਨ ਕਰ ਸਰ ਦੀਪ ਜੋਤਿ ਨ ਪੁਜਾਈਐ।

(ਸਾਗਰ ਨਿਧ) ਸਮੁੰਦ੍ਰ ਦੀ ਖਾਣ। (ਪੋਖਰ) ਛਪੜ। (ਦਿਨਕਰ) ਸੂਰਜ। ਸਮੁੰਦ੍ਰ ਦੀ ਖਾਣ (ਕਤ) ਕਦੋਂ ਛਪੜ ਤੇ ਪਾਈ ਜਾਂਦੀ ਹੈ ਅਤੇ ਦੀਵੇ ਦੀ ਜੋਤ

*(ਨੋਟ) ਆਂਬਨ ਦੀ ਥਾਂ ਸਭ ਮਿਟਤ ਆਂਬਲੀ ਖਾਏ। ਗੁਰਮਤ ਸੁਧਾਕਰ ਵਿਚ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨਿਵਾਸੀ ਇਉਂ ਪਾਠ ਲਿਖਦੇ ਹਨ ਅਤੇ ਅਰਥ, ਅੰਬ ਦਾ ਸੁਆਦ ਇੰਬਲੀ ਖਾਣ ਨਾਲ ਨਹੀਂ ਪੂਰਦਾ ਹੈ॥

ਸੂਰਜ ਦੇ ਚਾਨਣ ਬਿਨਾ ਕੋਈ ਨਹੀਂ ਹੈ ॥

ਜੈਸੇ ਖਦਯੋਤ ਉਦਿਤ ਪ੍ਰਗਾਸ ਨ ਭੂਪ ਕਰੈ
ਚੰਦਨ ਸੁਬਾਸ ਨ ਪਲਾਸ ਮਹਿਕਾਈਐ।

(ਖ੍ਰੋ) ਜੁਗਨੂੰ ਚਮਕਣਾਂ ਦੀ ਚਾਨਣ ਦੇ ਬਰਾਬਰ ਧੁੱਪ ਦਾ ਚਾਨਣ ਨਹੀਂ ਹੁੰਦਾ ਅਤੇ ਚੰਦਨ ਵਰਗੀ ਚੰਗੀ ਵਾਸਨਾ ਢਿੱਕ ਵਿੱਚੋਂ ਨਹੀਂ ਆ ਸਕਦੀ। ਵਾਰ ੨੬ ਪੌੜੀ ੪ ਸਾਖੀ ਵੇਖੋ ॥

ਦਰਨਣ ਹੋਰ ਨ ਪ੍ਰੇਮੀ ਚਮਕੇ ਦਾਨਾ ਦਾ।

ਸ੍ਰੀ ਗੁਰ ਦਇਆਲ ਜੀ ਦਇਆ ਨ ਆਨ ਦੇਵ ਮੈ ਜੈ
ਅੰਤ ਭੂਮੰਡ ਢੂੰਢੇ ਅਸਤ ਲੈ ਧਾਈਐ ॥੪੭੨॥

ਉਹ ਆਤਮ ਸ੍ਰੂਪ ਦਾ ਦਰਸ਼ਨਾ ਕਰਨਾ। ਇਸ ਕਰ ਹੀ ਸ੍ਰੀ ਗੁਰੂ ਦਇਆਲੂ ਗੁਰੂ ਵਰਗਾ ਹੋਰ ਕਿਸੇ ਦੇਵਤੇ ਵਿਚ ਦਇਆ ਨਹੀਂ ਹੈ ਭਾਵੇਂ ਨੌ ਖੰਡ ਅਤੇ ਸਾਰੀ ਜਿਮੀਂ ਆਸਮਾਨ ਦੇ ਪ੍ਰਕਾਸ਼ ਪੱਛਮ ਪੂਰਬ ਦਿਸ਼ਾ ਤਕ ਲਭਣ ਵਾਸਤੇ ਦੌੜਦੇ ਫਿਰੀਏ ॥ ੪੭੨ ॥

ਸ੍ਰੀ ਗੁਰੂ ਜੀ ਦੀ ਸ਼ਰਨ ਛੱਡ ਕੇ ਦੇਵਤਿਆਂ ਦਾ ਆਸਰਾ ਲੈਣਾ ਨਿਸਫਲ ਹੈ।

ਗਿਰਤ ਅਕਾਸ ਤੇ ਧਰਣਿ ਪ੍ਰਿਥੀ ਪਰ ਜੈਸੇ
ਆਸਰੋ ਪਵਨ ਗਹੈ ਕੈਸੇ ਠਹਿਰਾਤ ਹੈ।

ਆਕਾਸ਼ ਤੋਂ (ਆਦਮੀ) ਧਰਤੀ ਤੇ ਡਿਗਦਾ ਹੋਇਆ ਜੇ ਪੌਣ ਦਾ ਆਸਰਾ (ਫੜੇ) ਫੜੇ ਤਾਂ ਕਿਹਾ ਕਿਸ ਤਰ੍ਹਾਂ ਠਹਿਰ ਸਕਦਾ ਹੈ ਭਾਵ ਪ੍ਰਾਣ ਨਹੀਂ ਬਚ ਸਕਦੇ।

ਜਰਤ ਬੈਸੰਤਰ ਜੈ ਧਾਇ ਧਾਇ ਧੂਮ ਗਹੈ
ਨਿਕਸਤ ਨ ਜਾਇ ਖਲ ਬਾਧ ਉਪਹਾਸ ਹੈ।

ਜੋ ਅੱਗ ਵਿਚ ਸੜਦਾ ਬੈਸੰਤਰ ਧੂਏਂ ਨੂੰ ਫੜੇ ਤੇ ਭੱਜ ਅੱਗ ਵਿਚੋਂ ਨਿਕਲ ਨਹੀਂ ਸਕਦਾ। ਸਗੋਂ ਮੂਰਖ ਆਪਣੀ ਅਕਲ ਨੂੰ ਪ੍ਰਗਟ ਕਰਦਾ ਹੈ ਕਿ ਲੋਕ ਜਾਣਦੇ ਹਨ ਕਿ ਇਹ ਕੋਈ ਵਡਾ ਮੂਰਖ ਹੈ ॥

ਸਾਗਰ ਅਪਾਰ ਧਾਰ ਬੂਡਤ ਜੈਸੇ ਫੇਨ ਗਹੈ
ਅਨਿਕ ਬੀਚਾਰ ਪਾਰ ਜੈਸੇ ਕੈ ਨ ਜਾਤ ਹੈ।

(ਸਾਗਰ) ਸਮੁੰਦਰ। (ਫੇਨ ਗਹੈ) ਝੱਗ ਨੂੰ ਫੜੇ ਜੇ ਕੋਈ ਬ ਨਹੀਂ ਡੁੱਬੇ

ਸਮੁੰਦ੍ਰ ਦੀ ਆਸਾ ਫਿਰ ਡੁਬਦਾ ਹੋਇਆ ਸ਼ਰਨ ਨੂੰ ਲਈ ਤੇ ਤਰ ਉਨਦੇ ਦਿਵਾ ਨਿਸਫਲ ਹੈ ਕਿਉਂਕਿ ਵੈਰ ਪਾਰ ਕਰਨ ਵਾਲੀ ਸਮਾਨ ਨਹੀਂ ਅਤਰਸਤਾ ਡੋਬਣ ਵਾਲਾ ਹੈ॥

ਤੈਸੇ ਆਵਾਗਵਨ ਦੁਖਤ ਆਨ ਦੇਵ ਸੇਵ

ਬਿਨ ਗੁਰ ਸਰਨ ਨ ਮੋਖ ਪਦ ਰਾਜ ਹੈ ॥੪੭੩॥

ਇਿਵੇਂ ਹੀ (ਉਪ੍ਰੋਕਤ ਦ੍ਰਿਸ਼ਟਾਂਤਾਂ ਵਾਂਗੂੰ) ਹੋਰ ਦੇਵਤਿਆਂ ਦੀ ਸੇਵਾ ਬਿਅਰਥ ਹੈ ਕਿਉਂਕਿ ਜੰਮਣ ਮਰਨ ਦੇ ਦੁਖਾਂ ਨੂੰ ਨਹੀਂ ਦੂਰ ਕਰ ਸਕਦੀ। ਬਿਨਾ ਗੁਰਾਂ ਦੀ ਸ਼ਰਨ ਤੋਂ ਮੁਕਤੀ ਦੇ ਪਦ ਦਾ ਰਾਜ (ਪ੍ਰਾਪਤ) ਹੀ ਨਹੀਂ ਮਿਲਦਾ। ਪਰ ਕੋ

ਗਿਆਨ ਧਿਆਨ ਵੀ ਐਸੀ ਦੇਵਤਿਆਂ ਆਖੀਂ ਰੇਖੋ ਨਹੀਂ ਪਾ ਸਕਦਾ ਕਿਉਂਕਿ ਓਹ ਆਪ ਇਿਵੇਂ ਦੇ ਹਨ॥

ਜੈਸੇ ਰੂਪ ਰੰਗ ਬਿਧਿ ਪੂਛੈ ਅੰਧੁ ਅੰਧੁ ਪ੍ਰਤਿ

ਆਪ ਹੀ ਨ ਦੇਖੈ ਤਾਂਹਿ ਕੈਸੇ ਕੈ ਦਿਖਾਵਈ।

ਜਿਵੇਂ ਸੁੰਦਰ ਸਰੂਪ ਅਤੇ ਰੰਗਾਂ ਦੀ ਰੀਤੀ ਅੰਨ੍ਹੇ ਪਾਸੋਂ ਅੰਨ੍ਹਾਂ ਪੁਛੇ ਤਾਂ ਉਸ ਨੇ ਆਪ ਹੀ ਨਹੀਂ ਦੇਖਿਆ ਅਤੇ ਅਗਲੇ ਨੂੰ ਕਿਵੇਂ ਦਿਖਾ ਸਕਦਾ ਹੈ॥

ਜੈਸੇ ਰਾਗ ਨਾਦ ਪੂਛੈ ਬਹਰੋ ਜੌ ਬਹਿਰਾ ਪੈ

ਸਮਝੈ ਨ ਆਪ ਤਾਹਿ ਕੈਸੇ ਸਮਝਾਵਈ।

ਜਿਵੇਂ ਰਾਗ ਦੀ ਅਵਾਜ਼ ਬੋਲੇ ਪਾਸੋਂ ਬੋਲਾ ਪੁਛੇ ਤੇ ਓਹ ਆਪ ਹੀ ਨਹੀਂ ਸਮਝ ਸਕਦਾ ਅਤੇ ਅਗਲੇ ਨੂੰ ਕਿਵੇਂ ਸਮਝਾ ਸਕਦਾ ਹੈ॥

ਜੈਸੇ ਗੂੰਗ ਗੂੰਗਾ ਪਹਿ ਬਚਨ ਬਿਬੇਕ ਪੂਛੈ

ਬੋਲ ਨ ਸਕਤ ਕੈਸ ਸਬਦ ਸੁਨਾਵਈ।

ਜਿਵੇਂ ਗੂੰਗੇ ਪਾਸੋਂ ਗੂੰਗਾ ਬਚਨ ਦਾ ਵਿਚਾਰ ਪੁਛੇ ਤੇ ਓਹ ਆਪ ਹੀ ਬੋਲ ਨਹੀਂ ਸਕਦਾ ਅਤੇ ਅਗਲੇ ਨੂੰ ਕਿਵੇਂ ਸਬਦ ਉਚਾਰ ਕੇ ਸੁਣਾ ਸਕਦਾ॥

ਤਿਉ ਸਤਿਗੁਰ ਬੋਲੈ ਬ੍ਰਹਮ ਗਯਾਨ ਧਯਾਨ ਜੈ ਪੈ

ਸਾਕਤ ਅਗਯਾਨ ਮਤਿ ਆਨ ਪੈ ਨ ਪਾਵਈ॥੪੭੪॥

ਇਸੇ ਤਰਾਂ ਜੋ ਸਤਿਗੁਰਾਂ ਤੋਂ ਬਿਨਾ ਹੋਰਨਾਂ ਦੇਵੀ ਦੇਵਤਿਆਂ ਪਾਸ ਜਾਂਦੇ ਹੀ ਸਤਿਗੁਰੂ ਦੇ ਚਰਨਾਂ ਦਾ ਗਿਆਨ ਨ ਲੈਣਾ ਕਰੇ ਤਾਂ ਉਸਦੀ ਅਕਲ ਵਿਅਰਥ

ਹੈ ਕਿਉਂਕਿ ਓਹ ਅਗਿਆਨੀ ਹੋਣਾ ਪਾਸੋਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ ।

ਗੁਰ ਨੂੰ ਛਡਕੇ ਦੇਵਤਿਆਂ ਪਾਸੋਂ ਦੁਖ ਦੂਰ ਕਰੌਣਾ ਅਤੇ ਮੁਕਤੀ ਦੀ ਪ੍ਰਾਪਤੀ ਵਿਅਰਥ ਹੈ ॥

ਅੰਬਰ ਬੇਚਨ ਜਾਇ ਦੇਸ ਦਿਗੰਬਰਨ ਕੇ

ਪ੍ਰਾਪਤ ਨ ਹੋਇ ਲਾਭ ਸਹਸੈ ਹੈ ਮੂਲ ਕੌ ।

(ਜਿਵੇਂ) (ਅੰਬਰ) ਕਪੜਾ ਵੇਚਣ (ਦਿਗੰਬਰਨ) ਨੰਗਿਆਂ (ਅਵਧੂਤਾਂ) ਦੇ ਦੇਸ ਜਾਵੇ ਤਾਂ ਉਸ ਨੂੰ ਕੁਝ ਲਾਭ ਨਹੀਂ ਪ੍ਰਾਪਤ ਹੁੰਦਾ ਬਲਕਿ (ਮੂਲ) ਰਾਸ (ਪੂੰਜੀ) ਦਾ ਵੀ ਫਿਕਰ ਲਗ ਜਾਂਦਾ ਹੈ ।

ਰਤਨ ਪਰੀਖ੍ਯਾ ਸੀਖ੍ਯਾ ਚਾਹੈ ਜੌ ਪੈ ਆਂਧਰਨ ਪੈ

ਬੋਲਨ ਪੈ ਰਾਗ ਮਾਂਗੈ ਸਿਖ੍ਯਾ ਭ੍ਰਮ ਭੂਲ ਕੌ ।

(ਜਿਵੇਂ) ਜੋ ਰਤਨਾਂ ਦਾ ਪਰਖਣਾ ਅੰਨਿਆਂ ਪਾਸੋਂ ਸਿਖਣਾ ਚਾਹਵੇ ਅਤੇ ਗੁੰਗਿਆਂ ਪਾਸੋਂ ਰਾਗ ਮੰਗੇ ਤਾਂ ਸਭ ਝੂਠਾ ਵਿਰਥਾ ਖਿਆਲੀ ਭੁਲ ਹੈ ।

ਬੀਚਕ ਪੈ ਪੜਨ ਜਾਇ ਜੋਤਕ ਬੈਦਕ ਬਿਦ੍ਯਾ

ਬਹਰਾ ਪੈ ਬਾਤ ਨਾਦ ਸੁਨਿਬਾ ਅਤੂਲ ਕੌ ।

(ਜਿਵੇਂ) ਜੋਤਸ਼, ਹਕੀਮੀ ਵਿਦਿਆ ਮੂਰਖ ਪਾਸੋਂ ਪੜ੍ਹਨ ਜਾਵੇ ਅਤੇ ਬੋਲੇ ਪਾਸੋਂ ਰਾਗ ਦਾ ਸ਼ਬਦ (ਨਾਦ) ਪੁਛੇ । ਏਹ ਸਭ ਬੇਅਰਥ ਹੋ ਜਾਂਦਾ ॥

ਤੈਸੇ ਆਨ ਦੇਵ ਸੇਵ ਦੋਖ ਮੇਟਿ ਮੋਖ ਚਾਹੈ

ਬਿਨ ਸਤਿਗੁਰ ਦੁਖ ਸਹੈ ਜਮ ਸੂਲ ਕੌ ॥ ੪੭੫

ਤਿਵੇਂ ਹੀ ਗੁਰਾਂ ਦੀ ਸਰਨ ਤੋਂ ਬਿਨਾ ਹੋਰ ਦੇਵਤਿਆਂ ਦੀ ਸੇਵਾ ਕਰਕੇ ਦੁਖ ਦੂਰ ਕਰਨੇ ਅਤੇ ਮੁਕਤੀ ਚਾਹੇ ਤਾਂ ਨਹੀਂ ਹੋ ਸਕਦੀ ਸਗੋਂ ਜਮ ਦੀ ਸੂਲੀ ਦੇ ਦੁਖ ਸਹਾਰਦਾ ਹੈ ॥੪੭੫॥

ਗੁਰਾਂ ਦੀ ਸੇਵਾ ਛੋੜਕੇ ਹੋਰਨਾਂ ਦੇਵਤਿਆਂ ਦੀ ਸੇਵਾ ਕਰਨੀ ਨਿਸਫਲ ਹੈ ॥

ਬੀਜ ਬੋਇ ਕਾਲਰ ਮੈ ਨਿਪਜੈ ਨ ਧਾਨ ਪਾਨ

ਮੂਲ ਖੋਇ ਰੋਵੈ ਪੁਨਿ ਰਾਜ ਡੰਡ ਲਾਗਈ ।

ਜਿਵੇਂ ਕੱਲਰ ਵਿਚ ਬੀਜ ਬੀਜਿਆਂ ਹੋਇਆ ਧਾਨ ਤੇ ਪਾਨਾਂ ਦੇ ਬੂਟੇ ਨਹੀਂ ਉਪਜਦੇ ਸਗੋਂ ਆਪਣੀ ਪੂੰਜੀ ਨੂੰ ਵੀ ਗਵਾ ਕੇ ਰੋਂਦਾ ਹੈ ਅਤੇ ਫਿਰ ਡੰਨ [illegible]

ਕਰਿ ਦਾ (ਉਡਿ) ਅਜੇਹਾ ਵੀ ਨਹੀਂ ਜਾਂਦਾ ਹੈ।

ਮਛਲਿ ਬਿਲੋਕਿ ਜੈਸੇ ਨਿਕਸਤ ਨਾਹਿ ਪ੍ਰਿਤ
ਮਰਕੈ ਸਪਨੀਆ ਹੁ ਜੋਰ ਚੋਰ ਭਾਗੈ ਹੀ।

[illegible] ਪਾਣੀ ਵਿਚੋਂ ਨਿਕਲ ਜਾਵੇ ਪਿਛੋਂ ਨਹੀਂ ਨਿਕਲਦਾ ਸਗੋਂ ਸਾਰੀ ਨੂੰ ਛੱਡਕੇ ਸੱਪਣੀ ਨੂੰ ਛੋੜਕੇ ਦੌੜ ਜਾਂਦਾ ਹੈ॥

ਗੁਰਨ ਕੈ ਪੂਤ ਮਾਂਗੈ ਹੋਤ ਨ ਸਪੂਤੀ ਕੋਊ
ਲੋਗ ਲੈ ਪਰਤ ਸੀਸ ਤਜਾਗੈ ਚੋਰ ਤਸਕਰੀ।

ਗੁਰ ਪਾਸੋਂ ਪੁਤ੍ਰ ਮੰਗਦੇ ਹੋਏ ਭੀ ਕੋਈ ਪੂਰਾ ਸਪੂਤ ਨਹੀਂ ਹੁੰਦਾ, ਸਗੋਂ ਜੀਆ ਦਾ ਫਿਕਰ ਪੈ ਜਾਂਦਾ ਹੈ ਅਤੇ ਜੇ ਚੋਰ ਨੂੰ ਮਗਰੋਂ ਵੀ ਲਾਹਿਆ ਜਾ ਸਕਦਾ ਨਹੀਂ॥

ਬਿਨੁ ਗੁਰ ਦੇਵ ਆਨ ਸੇਵ ਦੁਖਦਾਇਕ ਹੈ
ਲੋਕ ਪਰਲੋਕ ਸੋਕ ਜਾਹਿ ਅਨੁਰਾਗਨੀ ॥੪੭੮॥

(ਜੋਕਰ ਹੀ) ਜੋ ਬਿਨਾ ਗੁਰ ਦੇਵ ਦੀ ਸੇਵਾ ਤੋਂ ਹੋਰ ਕਿਸੇ ਦੀ ਸੇਵਾ ਵਿਚ (ਅਨੁਰਾਗਨੀ) ਪ੍ਰੇਮ ਕਰਦੇ ਹਨ ਉਹ ਉਨ੍ਹਾਂ ਨੂੰ ਇਸ ਲੋਕ ਵਿਚ ਸੋਗ ਅਤੇ ਪ੍ਰਲੋਕ ਵਿਚ ਦੁਖ ਦੇਣ ਵਾਲੀ ਹੁੰਦੀ ਹੈ ॥੪੭੮॥

ਜੇਕਰ ਸਿਖ ਦਾ ਪੁਤ੍ਰ ਗੁਰਾਂ ਦੀ ਸੇਵਾ ਛੱਡ ਕੇ ਹੋਰ ਦੇਵਤਿਆਂ ਦੀ ਸੇਵਾ ਕਰਨ ਲਗਦਾ ਹੈ ਉਹ ਆਪਣੀ ਕੁਲ ਵਿਚ ਕਲੰਕ ਲਾਉਂਦਾ ਹੈ॥

ਜੈਸੇ ਮ੍ਰਿਗਰਾਜ ਤਨ ਜੰਬੁਕ ਅਧੀਨ ਹੋਤ
ਖਗਪਤਿ ਸੁਤ ਜਾਇ ਜੁਗਵਤ ਕਾਗ ਹੈ।

(ਜੰਬੁਕ) ਗਿਦੜ। (ਖਗਪਤਿ) ਪੰਛੀਆਂ ਦਾ ਪਤੀ। (ਮ੍ਰਿਗਰਾਜ) ਸਿਹ ਸ਼ੇਰ ਦਾ (ਤਨ) ਪੁਤ੍ਰ ਗਿਦੜ ਦੇ ਵਸ ਹੋਵੇ ਅਤੇ ਗਰੁੜ ਦਾ ਪੁਤ੍ਰ ਕਾਂ ਨੂੰ ਜਾ ਕੇ ਨਮਸਕਾਰ ਕਰੇ॥

---

*ਸਤਿਗੁਰਾਂ ਗੁਰੂ ਘਰ ਨੂੰ ਛੱਡਕੇ ਦੂਜਿਆਂ ਪੀਰਾਂ ਨੂੰ ਮੰਨਣੀਆਂ ਮਨ ਵਿਚ [illegible] ਸਿਖਾਂ ਸਿੱਖਿਆਂ ਨੂੰ ਗੁਰੂ ਘਰ ਤੋਂ ਬਾਹਰ ਕਰ ਦਿਤਾ ਕਿ ਮੁਸ਼ਕਲਾਂ ਪੈਦਾ ਕਰਨੋ [illegible]

ਜੈਸੇ ਸੈਂਭਲੁ ਰੈਨਿ ਸਭ ਕੂਪਨ ਮੈਂ ਸੁਰੰਗਤੁ
ਸੋਤਲ ਅਵਗਾਹ ਕਰਿ ਚਾਹਿ ਸਸਿ ਜ੍ਯਾਨ ਹੈ।

[illegible]) ਦੇਵਤਿਆਂ ਦਾ [illegible] ([illegible]) ([illegible]) [illegible] [illegible] [illegible] [illegible] [illegible] [illegible] ਨਹੀਂ ਹੁੰਦਾ ॥

ਜੈਸੇ ਕਾਸਫੇਨ ਸੁਤ ਸੁਕਰੀ ਸਭਨ ਪਾਨ
ਸੋਹਾਪਤਿ ਸੁਤ ਗਰਧਰ ਅਗੂ ਤ੍ਰਾਸ ਹੈ।

[illegible] ਦਾ [illegible] ਸੂਰੀ ਦੇ [illegible] ([illegible]) [illegible] [illegible] ([illegible]) ਅਤੇ [illegible]।

ਤੈਸੇ ਦੂਤ ਸਿਖ ਸੁਤ ਆਨ ਦੇਵ ਸੇਵਕ ਹੁਇ
ਨਿਹਫਲ ਜਨਮ ਜਗਤ ਬੈਲ ਮੈ †ਬਿਲਾਨ ਹੈ।

[illegible] ਸਿਖ ਗੁਰ [illegible] ਦੇਵਤਿਆਂ ਦੇ [illegible] ਜਨਮ [illegible] ਅਤੇ [illegible] ([illegible]) [illegible] ॥੪੭੦

[illegible] ਦੇ ਸੇਵਕ [illegible] ਆਪਣਾ [illegible] ਨਹੀਂ [illegible]॥

ਜੈਸੇ ਤੈਰੂ ਬਰਦੀ ਨ ਡੂਬੈ ਸਰਿਤਾ ਪ੍ਰਵਾਹ ਵਿਖੈ
ਬਿਖਮ ਬਿਖਤਉ ਨ ਤਜਤ ਹੈ ਮਨ ਮੈ।

---

* [illegible] ਦੇ [illegible] ਭਾਈ ਸਾਹਿਬ ਭਾਈ [illegible] ਸਿੰਘ ਜੀ ਦੇ ਗੁਰਮਤਿ [illegible] ਵਿਚ ਲਿਖਦੇ ਹਨ ਕਿ [illegible] [illegible] [illegible] ਨਹੀਂ [illegible] [illegible] ਜੀ [illegible] ਨਹੀਂ [illegible] [illegible] ਜੀ [illegible] ਹੈ ॥

† [illegible] [illegible] [illegible] ([illegible]) [illegible] ਹੈ॥

ਜੇ ਤੂੰਬੀ ਨਦੀ ਦੇ ਬਾਹਲੇ ਪਾਣੀ ਵਿਚ ਵੀ ਡੁਬੋ ਕੇ ਤਾਰ ਹੀ ਕਰੜੀ ਵਿਹੁ ਨੂੰ ਮਨ ਵਿਚੋਂ ਨਹੀਂ ਛਡਦੀ। ਲਉਕੀ ਅਠਸਠਿ ਤੀਰਥਿ ਨਾਈ। ਕਊਰਾ ਪਨ ਤਊ ਨ ਜਾਈ। (ਸ੍ਰੀ ਮੁਖਵਾਕ)

ਤੂਮੇ ਅੰਮ੍ਰਿਤ ਸਿੰਜੀਐ ਕਉੜੱਤੁ ਨ ਜਾਵੈ।

ਵਾਰ ੩੫ ਪੌੜੀ ੨ ਪੰ: ੩

ਜੈਸੇ ਪੈ ਛਪਾਵੈ ਪਖਾਨ ਪਾਵਕ ਨ ਜਰੈ ਮੂੜ੍ਹ

ਜਲ ਮੈ ਲੈ ਬੋਰਤ ਰਿਦੈ ਕਠੋਰਪਨ ਤੇ।

ਅਗ ਦੀਆਂ ਕਈ ਤਰਾਂ ਦੀਆਂ ਮਰਯਾਦਾ ਨਾਲ ਪੱਥਰ ਨੂੰ ਜੇ ਸਾੜਿਆ ਜਾਵੇ ਤਾਂ ਨਹੀਂ ਸੜਦਾ ਅਤੇ ਹਿਰਦੇ ਦੀ ਕਰੜਾਈ ਤੋਂ ਪਾਣੀ ਵਿਚ ਸਭ ਕਿਸੇ ਨੂੰ ਡੋਬ ਹੀ ਦਿੰਦਾ ਹੈ॥

ਪੱਥਰ ਪਾਣੀ ਰੱਖੀਐ ਮਨ ਹਠ ਨ ਘੱਟੈ। (ਵਾਰ ੩੫ ਪੌੜੀ ੧ ਪੰ: ੨)

ਜੈਸੇ ਗੁਡੀ ਉਡੀ ਦੇਖੀਅਤਿ ਹੈ ਅਕਾਸਚਾਰੀ

ਬਰਖਤ ਮੇਂਹ ਥਾਮੀਐ ਨ ਬਾਲਕਨ ਤੇ।

ਜੇ ਅਕਾਸ਼ ਵਿਚ ਵਿਚਰਨ ਵਾਲੀ ਗੁਡੀ ਉਡੀ ਹੋਈ ਦੇਖੀ ਦੀ ਹੈ ਤਾਂ ਮੀਂਹ ਪੈਣ ਨਾਲ ਮੁੰਡਿਆਂ ਪਾਸੋਂ ਥਮਦੀ ਨਹੀਂ ਭਾਵ ਗਲ ਜਾਂਦੀ ਹੈ।

ਤੈਸੇ ਰਿਧਿ ਸਿਧਿ ਭਾਉ ਦੁਤੀਆ ਤ੍ਰਿਗੁਨ ਖੇਲ

ਗੁਰਮੁਖ ਸੁਖ ਫਲ ਨਾਂਹਿ ਕ੍ਰਿਤਘਨ ਤੇ॥ ੪੮੫॥

ਤਿਵੇਂ ਹੀ ਰਿਧੀਆਂ ਸਿਧੀਆਂ ਦ੍ਵੈਤ ਭਾਉ ਰਜੋ ਸਤੋ ਤਮੋ ਵਿਚ ਮਨ ਮੁਖ ਖੇਲਦੇ ਹਨ ਭਾਵ ਕਿਆ ਉਪ੍ਰੋਕਤ ਨੀਆਂ ਵਾਕੁਰ ਆਪਣਾ ਸੁਭਾਉ ਨਹੀਂ ਛਡਦੇ ਅਤੇ ਗੁਰਮੁਖ ਸੁਖ ਫਲ (ਗਿਆਨ) ਨੂੰ ਪਾਕੇ ਕੀਤਾ ਨਾ ਜਾਨਣ ਵਾਲੇ ਨਹੀਂ ਹੁੰਦੇ ਭਾਵ ਸਭਦਾ ਆਦਰ ਕਰਦੇ ਹਨ॥ ੪੮੫॥

ਜੇਹੜਾ ਗੁਰੂ ਦਾ ਸਿਖ ਹੋਰ ਦੇਵਤਿਆਂ ਦਾ ਰਸਤਾ ਫੜ ਲਵੇ ਉਹ ਐਸਾ ਖੁਤ ਹੁੰਦਾ ਹੈ। ਅਤੇ ਆਪਣੀ ਵਡਿਆਈ ਨੂੰ ਨੀਵਾਂ ਕਰ ਲੈਂਦਾ ਹੈ॥

ਜੈਸਾ ਪੈਸਾ ਰੁਪੈਯਾ ਸੁਨੈਯਾ ਕੋ ਬਨਜ ਕਰੈ

ਰਤਨ ਪਾਰਖੂ ਹੋਇ ਜੌਹਰੀ ਕਹਾਵਈ।

ਜੇਹੜਾ ਟਕਾ ਪੈਸਾ ਰੁਪੈ (ਸੁਨੈਯਾ) ਅਸ਼ਰਫੀਆਂ ਦਾ ਸੌਦਾ ਕਰੇ ਫੇਰ ਉਜਲ ਨੂੰ ਰਤਨਾਂ ਦੇ ਪਰਖਣ ਵਾਲਾ ਹੋ ਜਾਂਦਾ ਹੈ ਅਤੇ ਆਪਣਾ ਨਾਮ ਜੌਹਰੀ ਕਹੌਂਦਾ ਹੈ॥

ਜੌਹਰੀ ਕਹਾਇ ਪੁਨ ਕੌਡਾ ਕੋ ਬਨਜ ਕਰੈ

ਪੰਚ ਪਰਵਾਨ ਮੈ ਪਤਿਸ਼ਟਾ ਘਟਾਵਈ ।

"ਅਤੇ ਜੇਹੜਾ" ਜੌਹਰੀ ਕਹਾਕੇ ਕੌਡਿਆਂ ਕੌਡੀਆਂ ਦਾ ਸੌਦਾ ਕਰੇ ਓਹ (ਪੰਚ) ਪੈਂਚ "ਨੰਬਰ ਦਾਰਾਂ" "ਪਰਵਾਨ" ਮੰਨਿਆਂ ਪਰ ਮੰਨਿਆਂ ਵਿਚ ਆਪਣੀ (ਪਤਿਸ਼ਟਾ) ਪੂਜਾ ਘਟਾ ਲੈਂਦਾ ਹੈ ਭਾਵ ਓਹਦੀ ਕੂਏ ਲੋਕ ਇਜ਼ਤ ਨਹੀਂ ਕਰਦੇ ॥

ਆਨ ਦੇਵ ਸੇਵ ਗੁਰਦੇਵ ਕੋ ਸੇਵਕ ਹੋਇ

ਲੋਕ ਪਰਲੋਕ ਬਿਖੈ ਊਚ ਪਦੁ ਪਾਵਈ ।

ਤਿਵੇਂ ਹੀ ਜੇਹੜਾ ਹੋਰ ਦੇਵਤਿਆਂ ਦਾ ਸੇਵਕ ਗੁਰਾਂ ਦਾ ਸੇਵਕ ਹੋਜਾਂਦਾ ਹੈ ਓਹ ਏਥੇ ਓਥੇ ਉਚਾ ਮਰਤਬਾ ਪਾ ਲੈਂਦਾ ਹੈ।

ਛਾਡ ਗੁਰਦੇਵ ਸੇਵ ਆਨ ਦੇਵ ਸੇਵਕ ਹ੍ਵੈ

ਨਿਹਫਲ ਜਨਮ ਕਪੂਤ ਹ੍ਵੈ ਹਸਾਵਈ ॥ ੪੭੯ ॥

ਤਿਵੇਂ ਹੀ ਜੇਹੜਾ ਗੁਰਾਂ ਦੀ ਸੇਵਾ ਛਡਕੇ ਹੋਰ ਦੇਵਤਿਆਂ ਦਾ ਸੇਵਕ ਬਣ ਜਾਂਦਾ ਹੈ ਉਸਦਾ ਜਨਮ ਵਿਅਰਥ ਹੈ ਅਤੇ ਓਹ ਖੋਟੇ ਪੁਤ੍ਰ ਵਾਂਗੂ (ਸਿਖ) ਆਪਣੇ ਆਪ ਨੂੰ ਹਸੌਂਦਾ ਹੈ ਭਾਵ ਜੋ ਸਿਖੀ ਨੂੰ ਤਜ ਕੇ ਹੋਰ ਆਗੂਆਂ ਆਦਿ ਦੇ ਮਤਾਂ ਵਿਚ ਜਾਂਦੇ ਹਨ ਓਹ ਆਪਣੇ ਵਡਿਆਂ ਨੂੰ ਹਾਸੀ ਕਰੌਂਦੇ ਹਨ ॥੪੭੯

ਜੇਹੜੇ ਸਿਖ ਗੁਰਾਂ ਨਾਲ ਪ੍ਰੇਮ ਕਰਦੇ ਹਨ ਓਨ੍ਹਾਂ ਨਾਲ ਗੁਰੂ ਇਵੇਂ ਪ੍ਰੇਮ ਕਰਦੇ ਹਨ ॥

ਮਨ ਬਚ ਕ੍ਰਮ ਕੈ ਪਤਿਬ੍ਰਤ ਕਰੈ ਜੈ ਨਾਰਿ

ਤਾਂਹਿ ਮਨ ਬਚ ਕ੍ਰਮ ਚਾਹਤ ਭਤਾਰ ਹੈ ।

ਜੇਹੜੀ ਇਸਤ੍ਰੀ ਮਨ (ਬਚ) ਬਾਣੀ (ਕ੍ਰਮ) ਸਰੀਰ ਕਰਕੇ ਇਕ ਪਤੀ ਦਾ (ਬਰਤ) ਸੇਵਨ ਕਰੇ ਭਾਵ ਪ੍ਰੇਮ ਕਰੇ ਉਸ ਨਾਲ ਮਨਿ ਬਾਣੀ ਸਰੀਰ ਕਰਕੇ (ਭਤਾਰ) ਪਤੀ ਪ੍ਰੇਮ ਕਰਨਾ ਚਾਹੁੰਦਾ ਹੈ॥

ਅਭਰਨ ਸਿੰਗਾਰ ਚਾਰੁ ਸਿਹਜਾ ਸੰਜੋਗ ਭੋਗ

ਸਕਲ ਕੁਟੰਬ ਹੀ ਮੈਂ ਤਾਕੋ ਜੈਜੈਕਾਰ ਹੈ ।

ਓਸ ਇਸਤ੍ਰੀ ਨੂੰ "ਗਹਣਿਆਂ ਦਾ" ਸਿੰਗਾਰ ਸੁੰਦਰ ਅਤੇ ਸੇਜਾਦੇ ਸੁਖਾਂ ਦਾ ਅਤੇ ਭੁਗਾਂ ਕਹੀਂ ਦੇ ਪਦਾਰਥਾਂ ਦਾ ਮਿਲਾਪ ਪ੍ਰਾਪਤਿ ਅਤੇ ਸਾਰੇ ਟੱਬਰ ਵਿਚ

ਇਸ ਦਾ ਕੀ ਬਿਨ ਬੰਨਵਾਦ ਹੁੰਦਾ ਹੈ ॥

ਨੋਟ—ਅਜ ਕਲ ਵੇਖਿਆ ਜਾਂਦਾ ਹੈ ਜੋ ਅੰਗ੍ਰੇਜ਼ੀ ਪੜ੍ਹ ਪੜ੍ਹ ਕੇ ਫੈਸ਼ਨਾਂ ਦੀ ਖਿਆਲਦਾਰੀ ਕਰੀ ਜਾਂਦੇ ਹਨ ਅਤੇ ਆਜੀਆਂ ਇਸਾਈ ਅਦਕ ਮਤਾਂ ਵਿਚ ਪ੍ਰਵੇਸ਼ ਕਰਦੇ ਜਾਂਦੇ ਹਨ ਪਰ ਅਫਸੋਸ ਉਨ੍ਹਾਂ ਅਕਲ ਦੇ ਭੰਡਾਰਾਂ ਦੀ ਅਕਲ ਉਤੇ ਕਿਉਂਕਿ ਓਹ ਆਪਣੇ ਮਾਤਾ ਪਿਤਾ ਨੂੰ ਕਲੰਕ ਲਗਾ ਰਹੇ ਹਨ ਅੰਤ ਨੂੰ ਵਾਹਿਗੁਰੂ ਜਾਣੇ ਉਨ੍ਹਾਂ ਦਾ ਕੀ ਹਾਲ ਹੋਵੇਗਾ ਵੇਖੋ ਭਾਈ ਸਾਹਿਬ ਜੀ ਨੇ ਏਨਾਂ ਦੇ ਸਿਰ ਵਿਚ ਕਿਰਤ ਦੀ ਸੁਆਹ ਪਾਈ ਹੈ ॥

ਸਹਜ ਅਨੰਦ ਸੁਖ ਮੰਗਲ ਸੁਹਾਗ ਭਾਗ
ਸੁੰਦਰ ਮੰਦਰ ਛਬਿ ਸੋਭਤ ਸੁਭਾਰ ਹੈ ।

(ਉਸ ਇਸਤ੍ਰੀ ਨੂੰ) ਸਹਜੇ ਹੀ ਅਨੰਦ ਦਾ ਸੁਖ ਅਤੇ ਸੁਹਾਗ ਭਾਗ ਦਾ ਮੰਗਲ ਚੰਗੇ ੨ ਮਕਾਨ ਸਜਾਵਟਾਂ ਸੋਹਣੇ ਸੋਭਦੀਆਂ ਹਨ ॥

ਸਤਿਗੁਰ ਸਿਖਨ ਕੌ ਰਾਖੈ ਗ੍ਰਿਹ ਸਾਵਧਾਨ
ਆਨ ਦੇਵ ਸੇਵ ਭਾਉ ਦੁਬਿਧਾ ਨਿਵਾਰ ਹੈ ॥੪੮੦

ਇਸੇ ਤਰ੍ਹਾਂ ਹੀ ਜਿਹੜੇ ਸਿਖ ਹੋਰ ਦੇਵਤਿਆਂ ਦੀ ਸੇਵਾ "ਉਪਾਸ਼ਨਾ ਇਸਤ੍ਰੀ ਵਾਂਗੂੰ ਛਡ ਦਿੰਦੇ ਹਨ"। ਅਤੇ ਦ੍ਵੈਤ ਭਾਉ ਨੂੰ ਦੂਰ ਕਰ ਦਿੰਦੇ ਹਨ ਉਨ੍ਹਾਂ ਨੂੰ ਗੁਰੂ "ਘਰ" ਵਿਚ ਹੀ ਤਯਾਰ ਬਰ ਤਯਾਰ ਕਿਆ ਅੰਗ ਸੰਗ ਹੋਇ ਰਖਿਆ ਕਰਦੇ ਹਨ ॥ ੪੮੦ ॥

ਚੰਗੇ ਸਿਖ ਦੀਆਂ ਕਾਮਨਾ ਸਤਿਗੁਰੂ ਇਉਂ ਪੂਰੀਆਂ ਕਰਦੇ ਹਨ ॥

ਜੈਸੇ ਤੌ ਪਤਿਬ੍ਰਤਾ ਪਤਿਬ੍ਰਤ ਮੈ ਸਾਵਧਾਨ
ਤਾਂਹੀ ਤੇ ਗ੍ਰਹੇਸੁਰ ਹ੍ਵੈ ਨਾਇਕਾ ਕਹਾਵਈ ।

ਜਿਵੇਂ ਚੰਗੀ ਇਸਤ੍ਰੀ ਪਤੀ ਦੇ ਕਹਿਣੇ ਮੰਨਣ ਵਿਚ ਤਤਪਰ ਰਹਿੰਦੀ ਹੈ ਅਤੇ ਇਸੀ ਵਾਸਤੇ ਘਰ ਦੀ ਮਾਲਕਣ ਬਣਕੇ ਚੰਗੀ ਇਸਤ੍ਰੀ ਕਹੌਂਦੀ ਹੈ ॥

ਅਸਨ ਬਸਨ ਧਨ ਧਾਮ ਕਾਮਨਾ ਪੁਜਾਵੈ
ਸੋਭਤ ਸਿੰਗਾਰ ਚਾਰ ਚਿਹਜਾ ਸਮਾਵਈ ।

ਅੰਨ, ਕਪੜੇ, ਧਨ, ਘਰ ਆਦਕਾਂ ਦੀ ਪਤੀ ਇੱਛਾ ਪੂਰਾ ਦਿੰਦਾ ਹੈ ਅਤੇ ਉਸ ਇਸਤ੍ਰੀ ਨੂੰ ਸੁੰਦਰ ਸਿੰਗਾਰ ਸੋਭਦੇ ਹਨ ਕਿਉਂਕਿ ਉਹ ਪਤੀ ਦੇ ਨਾਲ ਸੇਜਾ ਤੇ ਸ਼ੋਭਾ ਹੁੰਦੀ ਹੈ ॥

ਸਤਿਗੁਰ ਸਿਖਨ ਕੌ ਰਾਖਤ ਗ੍ਰਿਹਸਤ ਮੈ

ਸੰਪਦਾ ਸਮੂਹ ਸੁਖ ਲਡੇ ਤੇ ਲਡਾਵਈ ।

ਇਕੁਰ ਹੀ ਸਤਿਗੁਰੂ ਸਿਖਾਂ ਨੂੰ ਗ੍ਰਿਹਸਤ ਵਿਚ ਰਖਦੇ ਹਨ, ਕਿ ਸਾਰ ਭਾਂਤ ਦੀ ਸਾਮਗ੍ਰੀ ਸਾਰਲੀ ਦੇ ਸੁਖ ਵਿਚ ਰਖਦੇ ਹਨ ਅਤੇ ਲਾਡ (ਪਿਆਰ) ਵਿਚ ਲਡਾਉਂਦੇ ਹਨ ਅਥਵਾ ਭੰਗੂੜੇ ਉਤੇ ਝੂਟੇ ਦਵੌਂਦੇ ਹਨ ॥

ਅਸਨ ਬਸਨ ਧਨ ਧਾਮ ਕਾਮਨਾ ਪਵਿਤ੍ਰ

ਆਨ ਦੇਵ ਸੇਵ ਭਾਉ ਦੁਤੀਆ ਮਿਟਾਵਈ ।੪੯੧

ਇਕੁਰ ਹੀ ਉਪ੍ਰੋਕਤਿ ਇਸਤ੍ਰੀ ਵਾਕੁਰ ਸਿਖ ਦੀਆਂ ਸਭ ਪਵਿਤ੍ਰ ਕਾਮਨਾ ਅੰਨ, ਬਸਤ੍ਰ, ਧਨ, ਘਰ ਆਦਿਕ ਦੀਆਂ ਪੂਰੀਆਂ ਹੋ ਜਾਂਦੀਆਂ ਹਨ ਜੋ ਹੋਰ ਦੇਵਤਿਆਂ ਦੀ ਸੇਵਾ ਅਤੇ ਦ੍ਵੈਤ ਭਾਉ ਨੂੰ ਦੂਰ ਕਰੇ ॥ ੪੯੧ ॥

ਇਕੁਰ ਗੁਰ ਸਿਖਾਂ ਨੂੰ ਹੋਰ ਗਿਆਨ ਧਿਆਨ ਮਾੜੇ ਹਨ ॥

ਲੋਗ ਬੇਦ ਗਿਆਨ ਉਪਦੇਸ ਹੈ ਪਤਿਬ੍ਰਤਾ ਕੌ

ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ ।

ਜਿਕੁਰ ਲੋਕਾਂ ਦੇ (ਗਿਆਨ) ਸ਼ਾਸਤ੍ਰਾਂ ਵਿਚ ਅਤੇ ਵੇਦਾਂ ਵਿਚ ਇਹ ਉਪਦੇਸ਼ ਹੈ (ਚੰਗੀ ਇਸਤ੍ਰੀ ਨੂੰ) ਕਿ ਮਨ (ਬਚ) ਬਾਣੀ (ਕ੍ਰਮ) ਸਰੀਰ ਕਰਕੇ ਪਤੀ ਦੀ ਸੇਵਾ ਦੀ ਅਧਿਕਾਰਨ ਹੋਵੇ ॥

ਨਾਮ ਇਸਨਾਨ ਦਾਨ ਸੰਜਮ ਨ ਜਾਪ ਤਾਪ

ਤੀਰਥ ਬਰਤ ਪੂਜਾ ਨੇਮ ਨਤਕਾਰ ਹੈ ।

੧ ਨਾਮ ਜਪਣਾ ੨ ਇਸਨਾਨ ਕਰਨਾ ੩ ਦਾਨ ਦੇਣਾ ੪ ਇੰਦ੍ਰੀਆਂ ਰੋਕਣੀਆਂ ਅਤੇ ੫ ਜਪ ੬ ਤਪ ਕਰਨਾ ਦੀ ਲੋੜ ਨਹੀਂ ਅਤੇ ੭ ਤੀਰਥ ੮ ਵਰਤ ਰਖਣੇ ੯ ਪੂਜਾ ਦੇਵਤਿਆਂਦਿਕਾਂ ਦੀ ਕਰਨੀ (ਏਹ ਉਪ੍ਰੋਕਤਿ ਨੇਮ ਅਤੇ ਉਪ੍ਰੋਕਤਿ ਗੁਰ ਸਿਖ (ਇਸਤ੍ਰੀ ਨੂੰ ਕਰਨੇ) (ਨਤ) ਨਹੀਂ ਚਾਹੀਏ ਹੈ ॥

ਹੋਮ ਜਗ ਭੋਗ ਨਈਬੇਦ ਨਹੀ ਦੇਵੀ ਦੇਵ (ਸੇਵ)

ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ ।

੧ ਜਗਾਂ ਦੇ ਹੋਮ ੨ ਨਾਕਰਾਂ ਨੂੰ ਭੋਗ ਅਰਪਨ ਕਰਨਾ ਅਤੇ ਦੇਵੀ ਦੇਵਤਿਆਂ ਦੀ ਸੇਵਾ ਭੀ ਨਹੀਂ ਹੈ ਅਤੇ ਹੋਰ (ਗੁਰਬਾਣੀ [illegible] ਕਰਨ ਤੋਂ ਬਿਨਾਂ) ਰਾਗਾਂ ਦੇ ਵਾਜਿਆਂ ਦਾ ਸ਼ਬਦ ਅਤੇ ਹੋਰ ਦੇ ਬੂਹੇ ਤੇ ਜਾਕੇ ਚਰਚਾ ([illegible])

ਆਦਰ ਕਰਨੇ ਦੀ ਟੇਕ ਨਹੀਂ ਧਰਨ।

ਤੈਸੇ ਗੁਰ ਸਿਖਨ ਮੈ ਏਕ ਟੇਕ ਹੀ ਪ੍ਰਧਾਨ
ਆਨ ਗ੍ਯਾਨ ਧ੍ਯਾਨ ਸਿਮਰਨ ਬਿਭਚਾਰ ਹੈ ॥ ੪੯੨॥

ਤਿਵੇਂ ਹੀ (ਉਪ੍ਰੋਕਤ ਇਸਤ੍ਰੀ ਵਾਙੂ) ਗੁਰ ਸਿਖਾਂ ਵਿਚ ਇਕ ਗੁਰੂ ਦੀ ਓਟ ਲੈਣੀ ਮੁਖੀ ਹੈ ਅਤੇ ਹੋਰ ਗਜਾਨ ਧਜਾਨ ਸਾਏ ਕਰਨੇ ਇਵੇਂ ਹਨ ਜਿਵੇਂ ਪਤੀ ਵਾਲੀ ਇਸਤ੍ਰੀ ਨੂੰ ਬਿਭਚਾਰਪੁਣਾ ਮਾੜਾ ਹੈ ॥ ੪੯੨।

ਜੈਸੇ ਪਤਿਬ੍ਰਤਾ ਕੌ ਪਵਿਤ੍ਰ ਘਰ ਵਾਸ (ਵਾਤ) ਨਾਤ
ਅਸਨ ਬਸਨ ਧਨ ਧਾਮ ਲੋਕਾਚਾਰ ਹੈ।

ਜਿਵੇਂ ਪਤੀ ਵਾਲੀ ਇਸਤ੍ਰੀ ਨੂੰ ੧ ਘਰ ਵਿਚ ਵਸਣਾ (ਨਾਤ) ਸਾਕ ਨਾਤੇ (ਅਥਵਾ ਨ੍ਹੌਣਾ) ਅੰਨ, ਬਸਤ੍ਰ ਧਨ ਘਰ ਤੇ ਲੋਕਾਂ ਦੇ ਕੰਮ (ਭਏ) ਪਵਿਤ੍ਰ ਹਨ॥

ਤਾਤ ਮਾਤ ਭ੍ਰਾਤ ਸੁਤ ਸੁਜਨ ਕੁਟੰਬ ਸਖਾ
ਸੇਵਾ ਗੁਰਜਨ ਸੁਖ ਅਭਰਨ ਸਿੰਗਾਰ ਹੈ।

"ਫਿਰ ਜਿਵੇਂ ਪਤੀ ਵਾਲੀ ਇਸਤ੍ਰੀ ਨੂੰ" ੧ ਪਿਤਾ ੨ ਮਾਤਾ ੩ ਭਾਈ ੪ ਪੁਤ੍ਰ ੫ ਚੰਗੇ ਆਦਮੀ ੬ ਟੱਬਰ ੭ ਪਿਆਰੇ ਅਤੇ ੮ ਗੁਰਜਨ ਸਸ ਸੌਹਰੇ ਆਦਿਕ ਵਡਿਆਂ ਆਦਮੀਆਂ ਦੀ ਸੇਵਾ ਅਤੇ ੯ ਅਭਰਨ ਗਹਣਿਆਂ ਦੇ ਸਿੰਗਾਰ ਦਾ (ਭਏ) ਸੁਖ ਹੈ ॥

ਕਿਰਤਿ ਬਿਰਤਿ ਪਰਸੂਤ ਮਲ ਮੂਤ੍ਰਧਾਰੀ
ਸਕਲ ਪਵਿਤ੍ਰ ਜੋਈ ਬਿਬਿਧ ਅਚਾਰ ਹੈ।

(ਬਿਰਤ) ੧ ਰੋਜ਼ੀ (ਕਿਰਤ) ਕਰਨੀ ਅਤੇ ਪਰਸੂਤ (ਬਾਲਕ ਜੰਮਣ) ਦੀ ਮਲ ਮੂਤ੍ਰ ਧਾਰਨ ਕਰਨੀ ਹੋਰ ਬਾਹਰਲੇ ਕੰਮ (ਭਏ) ਸਾਰੇ ਪਵਿਤ੍ਰ ਹੈਂ ਜੋ ਪਤੀ ਦੀ ਆਗਿਆ ਮੰਨਦੀ ਹੈ (ਤੇ) ਭਾਵ ਏਹ ਉਪ੍ਰੋਕਤ ਤਾਂ ਹੀ ਸਾਰੇ ਕੰਮ ਸਫਲ ਹਨ ॥

ਤੈਸੇ ਗੁਰਸਿਖਨ ਕੌ ਲੇਪੁ ਨ ਗ੍ਰਿਹਸਤ ਮੈ
ਆਨ ਦੇਵ ਸੇਵ ਧ੍ਰਿਗ ਜਨਮ ਸੰਸਾਰ ਹੈ ॥੪੯੩।

ਤਿਵੇਂ ਹੀ (ਉਪ੍ਰੋਕਤ ਇਸਤ੍ਰੀ ਵਾਙੂ) ਗੁਰ ਸਿਖਾਂ ਨੂੰ ਘਰ ਵਿਚ ਹੀ ਰੌਣੀ (ਕਿਸੇ ਦੂਖ ਦਾ ਲੇਪ) ਕਦਾਚਿਤ ਨਹੀਂ ਲਗਦਾ ਅਤੇ ਜੋ (ਮਨਮੁਖ ਇਸ ਤ੍ਰੀ ਵਾਙਰ) ਹੋਰ ਦੇਵਤਿਆਂ ਦੀ ਸੇਵਾ ਕਰਦੇ ਹਨ ਉਨ੍ਹਾਂ ਦੇ ਸੰਸਾਰ ਵਿਚ ਜੀਮਣ

ਨੂੰ ਫਿਟੇ ਮੂੰਹ ਹੈ ॥ ੪੮੩ ॥

"ਦਿਨਾਂ ਵਾਰਾਂ ਦੀ ਨਿਰੋਧੀ"

ਆਦਿਤ ਔ ਸੋਮ ਭੌਮ ਬੁਧਿ ਹੂੰ ਬ੍ਰਹਸਪਤੀ
ਸੂਕਰ ਸਨੀਚਰ ਸਾਤੋ ਬਾਰ ਬਾਂਟ ਲੀਨ ਹੈ।

(ਆਦਿਤ) ਸੂਰਜ ਦਾ ਐਤਵਾਰ। (ਸੋਮ) ਚੰਦ ਦਾ ਸੋਮਵਾਰ। (ਭੌਮ) ਮੰਗਲ ਵਾਰ (ਬ੍ਰਹਸਪਤਿ) ਵੀਰਵਾਰ। ਸੂਰਜ ੧ ਚੰਦ੍ਰਮਾ ੨ ਮੰਗਲ ਦੇਉਤਾ ਹਨੂਮਾਨ ੩ ਦੇਵਤਿਆਂ ਦਾ ਗੁਰੂ ੪ ਅਤੇ ਬੁਧਵਾਰ ਕੰਮ ਕਰਨ ਨੂੰ ੫ ਅਤੇ ਦੈਂਤਾਂ ਦੇ ਗੁਰੂ ਸ਼ੁਕਰ ੬ ਛਨਿਛਰ ਦੇਵਤੇ ਦਾ ਪੂਜਨਾ ਲੋਕਾਂ ਨੇ ਵੰਡ ਲਿਆ ਹੈ ੭॥

ਥਿਤ ਪੱਖ ਮਾਸ ਰੁਤ ਲੋਗਨ ਮੈਂ ਲੋਗਾਚਾਰ
ਏਕ ਏਕੰਕਾਰ ਕੋ ਨ ਕੋਊ ਦਿਨ ਦੀਨ ਹੈ।

੧੫ ਥਿਤਾਂ ੨ ਪਖ ੧੨ ਮਹੀਨੇ ੬ ਰੁਤਾਂ ਇੱਕੁਰ ਲੋਕਾਂ ਵਿਚ ਲੋਕਾਂ ਵਾਲੇ ਕੰਮ ਪ੍ਰਧਾਨ ਹਨ ਅਤੇ ਇਕ ਵਾਹਿਗੁਰੂ ਨੂੰ ਕੋਈ ਵੀ ਦਿਨ ਨਹੀਂ ਦਿਤਾ। ਭਾਵ ਉਪ੍ਰੋਕਤ ਦੇਵਤਿਆਂ ਨੂੰ ਮੂਰਖ ਲੋਕ ਪੂਜਦੇ ਰਹੇ ਅਤੇ ਵਾਹਿਗੁਰੂ ਦਾ ਨਾਮ ਕਿਸੇ ਦਿਨ ਵੀ ਨਾ ਲਿਆ।

ਜਨਮ ਅਸ਼ਟਮੀ ਰਾਮਨੌਮੀ ਏਕਾਦਸੀ ਭਈ
ਦੁਆਦਸੀ ਚਤੁਰਦਸੀ ਜਨਮੁ ਏ ਕੀਨ ਹੈ।

੧ ਭਾਦ੍ਰੋਂ ਵਦੀ ਅਠਵੀਂ "ਕ੍ਰਿਸ਼ਨ ਜਨਮ ਅਸ਼ਟਮੀ"
੨ ਚੇਤ ਸੁਦੀ ਨਾਵੀਂ "ਰਾਮ ਜਨਮ ਨੌਮੀ"
੩ ਫੱਗਣ ਵਦੀ ਚਉਧਵੀਂ "ਸ਼ਿਵਨ ਸ਼ਿਵਰਾਤ੍ਰੀ"
੪ ਵਸਾਖ ਸੁਦੀ ਗਿਆਰਵੀਂ "ਅਪਾਲਕ ਇਕਾਦਸ਼ੀ"
੫ ਜੇਠ ਸੁਦੀ ਗਿਆਰਵੀਂ "ਨਿਰਜਲਾ ਇਕਾਦਸ਼ੀ"
੬ ਪੋਹ ਸੁਦੀ ਬਾਰਵੀਂ "ਬ੍ਰਹਮ ਦੁਆਦਸ਼ੀ"
੭ ਮਾਘ ਸੁਦੀ ਬਾਰਵੀਂ "ਵੈਰਾਟ ਦੁਆਦਸ਼ੀ"
੮ ਵੈਸਾਖ ਸੁਦੀ ਚੌਦਵੀਂ "ਨਰ ਸਿੰਘ ਚਤੁਰਦਸ਼ੀ"

(ਏਹ ਪ੍ਰਮਾਤਮਾ ਦੇ ਜਿਮਣ ਦੇ ਦਿਨ ਕਰ ਦਿਤੇ ਹਨ) "ਪਰ ਅਫਸੋਸ"

ਪਰਜਾ ਉਪਾਰਜਨ ਕੋ ਨ ਕੋਊ ਪਾਵੈ ਦਿਨ
ਅਜੋਨੀ ਜਨਮ ਦਿਨ ਕੈਸੇ ਕਹੋਂ ਹੀਨ ਹੈ ॥੪੮੪

ਅਜੋਨੀ ਪ੍ਰਭੂ ਦੇ ਜਨਮ ਦੇ ਦਿਨ ਦਾ ਦੇਖੋ ਕੈਸੇ (ਹੀਨਾ) ਆਖਣਾ

ਨਹੀਂ ਪਰ ਸ਼ਾਹਿਜ਼ਾਦੂ ਦੇ ਜਨਮ ਦਿਨ ਨੂੰ ਕਿਉਂਕਰ ਕਹੀਏ ਕੋਈ ਸਾਲਗਿਰਹ ਹਾਂ॥

ਭਾਵ—ਕੋਈ ਤਾਂ ਸਤਾਂ ਵਾਰਾਂ ਦੇ ਪ੍ਰਸੰਗ ਵਿਚ ਲਗਾ ਹੋਇਆ ਹੈ ਅਤੇ ਕਿਸੇ ਨੇ ਪਰਮੇਸਰ ਦੇ ਜਨਮ ਦਿਨ ਬਣਾ ਲਏ ਹਨ ਪਰ ਜੋਹੜਾ ਇਸ ਪਸਾਰੇ ਦੇ ਕਰਨ ਵਾਲਾ ਹੈ ਉਸ ਦਾ ਜਨਮ ਦਿਨ ਮੂਰਖ ਲੋਕ ਕਿਉਂਕਰ (ਠਗੂ) ਸਾਫ਼ ਮਨਾਏ ਹਨ (ਦੂਜਾ ਭਾਵ) ਐਵੇਂ ਨਿਰਾਰਥ ਕੰਮਾਂ ਵਿਚ ਲਗਾਕੇ ਲੋਕ ਆਪਣੇ ਜਨਮ ਮਨੁੱਖਾ ਜਨਮ ਖੋ ਰਹੇ ਹਨ॥ ੪੬੪॥

ਕ੍ਰਿਸ਼ਨ ਆਦਿਕ ਅਵਤਾਰ ਪ੍ਰਮਾਤਮਾ ਦਾ ਰੂਪ ਕਿਉਂਕਰ ਨਹੀਂ ਹੋ ਸਕਦੇ॥

ਜਾਕੋ ਨਾਮ ਹੈ ਅਜੋਨੀ ਕੈਸੇ ਕੈ ਜਨਮ ਲੇਤ
ਕਹਾ ਜਾਨ ਧਤ ਜਨਮਾਸ਼ਟਮੀ ਕੋ ਕੀਨੋ ਹੈ।

ਜਿਸ ਦਾ ਨਾਮ ਹੀ ਅਜੂਨੀ ਹੈ ਉਸਨੇ ਕਿਉਂਕਰ ਜਨਮ ਲਿਆ ਹੈ ਅਤੇ ਕੀ ਜਾਣਕੇ ਤ੍ਰਿਸਨੂੰ ਤੁਸੀਂ ਉਸਦੇ ਨਮਿਤ ਜਨਮ ਅਸ਼ਟਮੀ ਦਾ ਵਰਤ ਰਖਣਾ ਕੀਤਾ ਹੈ॥

ਜਾਂਕੋ ਜਗ ਜੀਵਨ ਅਕਾਲ ਅਬਿਨਾਸ਼ੀ ਨਾਮ
ਕੈਸੇ ਕੈ ਬੱਧਕ ਮਾਰਯੋ ਅਪਰਾਧ ਲੀਨੋ ਹੈ।

ਜਿਸ ਦਾ ਨਾਮ ਹੀ ਜਗਤ ਦੀ ਜੀਵਨ ਬੂਟੀ ਅਤੇ ਮਰਨ ਰਹਿਤ, ਅਬਿਨਾਸ਼ੀ ਹੈ ਉਸਨੂੰ ਕਿਉਂਕਰ "ਬੱਧਿਕ" ਵੈਰਕ ਨੇ ਮਾਰਿਆ ਹੋਵੇਗਾ ਅਤੇ ਭੂਲ ਨਾਲ ਕਰਨ ਦਾ ਅਪਰਾਧ ਤੇ ਭੂਲ ਨਾਲ ਸਰਾਪ ਦੁਵੈਣ ਦਾ ਕਲੰਕ ਕਿਉਂਕਰ ਉਸਨੇ ਲਿਆ ਹੋਵੇਗਾ॥

ਨਿਰਮਲ ਨਿਰਦੋਖ ਮੋਖ ਪਦ ਜਾਕੋ ਨਾਮ
ਗੋਪੀ ਨਾਥ ਕੈਸੇ ਹ੍ਵੈ *ਬਿਰਹੁ ਦੁਖ ਦੀਨੋ ਹੈ।

ਗੋਪੀਆਂ ਨਾਲ (ਬਿਰਹ) ਪ੍ਰੇਮ ਕਰਕੇ ਇਕਰਾਰ ਤੋਂ ਝੂਠਾ ਹੋਣਾ ਅਤੇ ਉਨ੍ਹਾਂ ਨੂੰ ਵਿਛੋੜੇ ਦਾ ਦੁਖ ਦੇਣਾ ਇਹ ਨਾਮ ਨਿਰਮਲ ਨਿਰਦੋਖ ਮੁਕਤਿ ਦਾਤੇ

---

*ਇਹ ਕ੍ਰਿਸ਼ਨਾਵਤਾਰ ਦਸਮ ਗ੍ਰੰਥ ਅਤੇ ਭਾਗਵਤ ਆਦਿਕ ਵਿਚੋਂ॥

ਇੱਕ ਵੇਰੀ ਕ੍ਰਿਸ਼ਨ ਜੀ ਨੇ ਦੁਰਬਾਸਾ ਰਿਸ਼ੀ ਦੇ ਚੇਲਿਆਂ ਨੂੰ ਸਰਾਪ ਦਿਵਾਯਾ ਸੀ (ਜਦ ਕਿ ਯਾਦੂ ਬੈਠ ਕੇ ਵਿਸ਼ ਤੇ ਗਏ ਸੀ) ਤਾਂ ਪ੍ਰਭਾਸ ਤੀਰਥ ਤੇ ਸਾਰੇ ਯਾਦਵ ਪੀਕੇ ਲੜ ਮਰੇ ਜਦ ਤਦ ਆਪ ਕ੍ਰਿਸ਼ਨ ਇਸ ਜੰਗਲ ਵਿਚ ਸੌਂ ਗਿਆ ਸਾਂ ਤਾਂ ਇਕ ਸ਼ਿਕਾਰੀ ਨੇ ਗੋਡੇ ਉਪਰ ਪੈਰ ਰਖਿਆ ਹੋਯਾ ਦੇਖਿਆ ਉਸਨੂੰ ਗੋਡੀ ਸ਼ਿਕਾਰ ਹੋ ਗਿਆ ਤਾਂ ਉਸਨੇ ਹਰਨ ਦਾ ਨਿਸ਼ਾਨਾ ਸਮਝ ਕੇ ਕ੍ਰਿਸ਼ਨ ਨੂੰ ਮਾਰਿਆ ਜਿਸ ਤੋਂ ਦੇਹ ੭੦ ਪੋਰੀ ਕਰ ਦੀ॥

ਦੇਣ ਵਾਲੇ ਮਿਤ੍ਰ ਕਿੱਕੁਰ ਹੋ ਸਕਦੇ ਹਨ ॥

ਪਾਹਨ ਕੀ ਪੂਜਾ ਕੈ ਅੰਧ ਕੰਧ ਹੈ ਪੁਜਾਰੀ
ਅੰਤਰ ਅਗਿਆਨ ਮਤਿ ਗਿਆਨ ਗੁਰ ਹੀਨ ਹੈ ॥੪੯੪॥

ਜਿਕੁਰ ਕ੍ਰਿਸ਼ਨ ਨੂੰ ਅਵਤਾਰ ਮੰਨਿਆ ਪਰ ਉਹੁ ਵਾਸਦੇਵ ਪੱਥਰ ਦੀ ਮੂਰਤੀ ਜ਼ਰੂਰ ਹੈ ਅਤੇ ਅੰਨ੍ਹੇਂ ਸਰੀਰ ਵਾਲੇ ਉਸ ਪੁਜਾਰੀ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਅਗਿਆਨਤਾ ਹੈ ਅਤੇ ਗੁਰਾਂ ਦੀ ਸਿੱਖਿਆ, ਗਿਆਨ ਤੋਂ ਰਹਿਤ ਹਨ ॥ ੪੯੪ ॥

ਹੋਰ ਦੇਵਤਿਆਂ ਦੀ ਸੇਵਾ ਗੁਰਦੇਵ ਜੀ ਦੇ ਧਿਆਨ ਬਰਾਬਰ ਨਹੀਂ ਅਤੇ ਕਿੱਕੁਰ ਨਾਸ ਹੋਜਾਂਦੀ ਹੈ ॥

ਸੂਰਜ ਪ੍ਰਗਾਸ ਨਾਸ ਉਡਗਨ ਅਗਿਨਤ ਜੈਸੇ
ਆਨ ਦੇਵ ਸੇਵ ਗੁਰਦੇਵ ਕੇ ਧਿਆਨ ਕੈ ।

ਜਿਕੁਰ ਸੂਰਜ ਦੇ ਚਾਨਣ (ਦਿਨ ਚੜ੍ਹਨ) ਅਗੇ ਬਾਹਲੇ (ਉਡਗਨ) ਤਾਰੇ ਨਾਸ ਹੋ ਜਾਂਦੇ ਹਨ ਤਿਕੁਰ ਹੀ ਹੋਰ ਦੇਵਤਿਆਂ ਦੀ ਸੇਵਾ ਇਕ ਗੁਰਦੇਵ ਜੀ ਦੇ ਧਿਆਨ ਅਗੇ ਦੂਰ ਹੋਜਾਂਦੀ ਹੈ ॥

ਹਾਟ ਬਾਟ ਘਾਟ ਠਾਟ ਘਟੈ ਘਟੈ ਨਿਸ ਦਿਨ
ਤੈਸੇ ਲੋਗ ਬੇਦ ਭੇਦ ਸਤਗੁਰ ਗਿਆਨ ਕੈ ।

ਜਿੱਕੁਰ ਹਟੀਆਂ ਦਾ (ਹਾਟ) ਅਡੰਬਰ (ਸੌਦੇ ਸੂਦਾ ਦਾ) ਅਤੇ ਰਸਤਿਆਂ (ਘਾਟ) ਦਰਿਆਵਾਂ ਦੇ ਪਤਣਾਂ ਦਾ ਵਰਤਾਉ (ਨਿਸ) ਰਾਤ ਵਿਚ ਘਟ ਜਾ ਰਹਿੰਦਾ ਹੈ ਭਾਵ ਰਾਤ ਨੂੰ ਹਟੀਆਂ ਰਸਤੇ ਪਤਣ ਬੰਦ ਹੋਜਾਂਦੇ ਹਨ ਅਤੇ ਦਿਨੇ ਖੁਲ੍ਹਦੇ ਹਨ ਤਿੱਕੁਰ ਹੀ ਗੁਰਾਂ ਦੇ ਗਿਆਨ ਰੂਪ ਸੂਰਜ ਅਗੇ ਲੋਕਾਂ ਬੇਦਾਂ ਦਾ (ਭੇਦ) ਫਰਕ ਮਿਟ ਜਾਂਦਾ ਹੈ ਭਾਵ ਲੋਕ ਵੇਦ ਗੁਰ ਗਿਆਨ ਦੇ ਬਰਾਬਰ ਨਹੀਂ ਅਤੇ ਅੰਤ ਨੂੰ ਏਨ੍ਹਾਂ ਦਾ ਪੋਲ ਪ੍ਰਗਟ ਹੋਜਾਂਦਾ ਹੈ ॥

ਚੋਰ ਜਾਰ ਔ ਜੁਆਰ ਮੋਹ ਦ੍ਰੋਹ ਅੰਧਕਾਰ
ਪ੍ਰਾਤ ਸਮੈ ਸੋਭਾ ਨਾਮ ਦਾਨ ਇਸ਼ਨਾਨ ਕੈ ।

ਜਿੱਕੁਰ ਚੋਰ ਰਾਤ ਦੇ ਅਨ੍ਹੇਰੇ ਵਿਚ ਲੁਟ ਲੈਂਦੇ ਅਤੇ (ਜਾਰ) ਯਾਰ ਸੰਗਤ ਕਰ ਲੈਂਦੇ ਹਨ (ਪਰਾਇਆਂ ਨੂੰ ਪਰਨਾਹੇ) ਅਤੇ ਜੁਆਰੀਏ (ਦ੍ਰੋਹ) ਠੱਗੀ ਲੈਂਦੇ ਹਨ ਪਰ ਸਵੇਰ ਦੇ ਵੇਲੇ ਸਭ ਨਸ ਜਾਂਦੇ ਹਨ ਜਿਸ ਦੀ ਕੀ ਸੋਭਾ ਨਹੀਂ ਰਹਿੰਦੀ । ਇਹ ਨਾਮ ਦਾਨ ਇਸ਼ਨਾਨ ਦਾ ਵੇਲਾ ਹੁੰਦਾ ਹੈ ॥

[illegible] ਸਿਤੁਰ ਸਾਰ, ਸਾਗਰ ਬ੍ਰਹਮ ਅਤੇ [illegible] ਹੋਰ ਅੰਦੇ
ਦੇਵ ਸਿਤੁਲ ਦੀ ਗੁਰਾਂ ਅੰਗੇ ਦੇਵੀ ਦੇਵਤੇ।

ਆਨਸਰ ਸੇਵਕ ਸਿਵਾਲਾ ਸੋਧਾ ਮਾਨਸਰ
ਪੂਰਨ ਬ੍ਰਹਮ ਗੁਰ ਸਰਬ ਨਿਧਾਨ ਹੈ ॥੪੮॥

ਜਿਵੇਂ (ਆਨਸਰ) ਦੂਸਰਾ ਤਾਲਾ ਤੇ (ਸੇਵਕ) ਜੰਤੂ (ਸਿਵਾਲ) [illegible] (ਸੋਧਾ) [illegible] ਹੁੰਦੇ ਹਨ ਅਤੇ ਮਾਨਸਰ ਵਿਖੇ [illegible] ਹੀਰੇ ਰੋਹ [illegible] ਜਾਂਦਾ ਹਨ ਅਤੇ ਮੋਤੀਆਂ ਦੇ ਸਾਰੇ (ਨਿਧਾਨ) [illegible] ਹੁੰਦੇ ਹਨ ਤਿਵੇਂ ਹੀ ਹੋਰ ਦੇਵਤਿਆਂ ਦੇ [illegible] ਪੂਰਨ ਬ੍ਰਹਮ [illegible] ਹਨ ਅਤੇ [illegible] ਵਾਹਿਗੁਰੂ ਦੇ ਰੂਪ ਸਤਿਗੁਰਾਂ [illegible] ਸਭ [illegible] ਦਾਨ ਦੇ ਮਿਲਦੇ ਹਨ ॥੪੮॥

ਫਿਰ ਇਸ ਨੂੰ ਹੋਰ ਤੇ ਆਖਦੇ ਹਨ।

ਨਿਸ ਦਿਨ ਅੰਤਰ ਜਤੋਂ ਅੰਤਰ ਬਖਾਨੀਅਤਿ
ਤੈਸੇ ਆਨ ਦੇਵ ਗੁਰਦੇਵ ਸੇਵ ਜਾਨੀਐ।

ਜਿਵੇਂ ਰਾਤ ਦਿਨ ਵਿਚ ਫਰਕ ਕਰੀਦਾ ਹੈ। ਤਿਵੇਂ ਹੀ [illegible] ਹੋਰ ਦੇਵਤਿਆਂ ਦੀ ਸੇਵਾ ਅਤੇ ਦਿਨ ਵਾਂਗ ਗੁਰਦੇਵ (ਪ੍ਰਕਾਸ਼ ਰੂਪ) ਦੀ ਸੇਵਾ [illegible] ਹੋਰ ਚਾਨਣ ਕਰਕੇ [illegible] ਦੇਂਦੀ ਹੈ ਤੇ ਇਹ ਅਨ੍ਹੇਰਾ ਕਰਕੇ ਹੋਰ ਭੁੱਲਦੀ ਹੈ ॥

ਨਿਸ ਅੰਧਕਾਰ ਬਹੁ ਤਾਰਕਾ ਚਮਤਕਾਰ
ਦਿਨ ਦਿਨ ਕਰ ਏਕੰਕਾਰ ਪਹਿਚਾਨੀਐ।

(ਦਿਨਕਰ) ਸੂਰਜ। ਜਿਵੇਂ ਰਾਤ ਦੇ ਅੰਧੇਰੇ ਵਿਚ ਬਹੁਤ ਤਾਰੇ [illegible] ਹਨ ਅਤੇ ਸਵੇਰ ਸੂਰਜ ਦੇ ਚੜ੍ਹਨ ਨਾਲ ਸਭ ਦੂਰ ਹੋ ਜਾਂਦੇ ਹਨ। ਤਿਵੇਂ ਹੀ ਵਾਹਿਗੁਰੂ ਦਾ ਰੂਪ ਜੋ ਗੁਰੂ ਨਾਨਕ ਜੀ ਜਾਣੀਏ ਹਨ [illegible] ਪ੍ਰਕਾਸ਼ [illegible] ਨਾਲ ਸਾਰੇ ਦੇਵੀ ਦੇਵਤੇ [illegible] ਹਨ। [illegible] ਪ੍ਰਕਾਸ਼ ਦੇ [illegible] ॥

ਨਿਸ ਅੰਧਿਆਰੀ ਮੈ ਦਿਖਾਈ ਹੈ ਬਿਕਾਰ ਚੋਰੁ
ਪ੍ਰਾਤ ਸਮੈ ਲੋਗ ਨਿਰੰਕਾਰੀ ਉਨਮਾਨੀਐ।

ਦੇਵਤਿਆਂ ਦੇ ਸੇਵਕ [illegible] ਰਾਤ ਦੇ ਅਨ੍ਹੇਰੇ ਵਿਚ ਵਿਕਾਰਾਂ ਦੇ [illegible] ਰਾਜ [illegible] ਦਿਖਾਈ ਦੇਂਦੇ ਹਨ ਅਤੇ ਗੁਰੂ ਦੇ ਸਿਖ

(ਪ੍ਰਾਤ) ਅੰਮ੍ਰਿਤ ਵੇਲੇ ਆਸਾ ਦੀ ਵਾਰ ਪ੍ਰੇਮ ਅਤੇ ਗੁਰਬਾਣੀ ਸੁਣਦੇ ਸਣਦੇ ਹ ਅਤੇ ਵਾਹਿਗੁਰੂ ਵਿਚ (ਨੇਹ) ਪ੍ਰੇਮ ਕਰਨ ਵਾਲੇ (ਉਨ ਸਾਖੀਓਂ) ਵਿਚਾਰ ਕਰਦੇ ਹਨ ਭਾਵ ਗੁਰਮੁਖ ਸਵੇਰੇ ਵਾਹਿਗੁਰੂ ਵਿਚ ਪ੍ਰੇਮ ਕਰਦੇ ਹਨ ॥

ਰੈਨ ਸੈਨ ਸਮੈ ਠਗ ਚੋਰ ਜਾਰ ਹ੍ਵੈ ਅਨੀਤ
ਰਾਜਨੀਤਿ ਰੀਤ ਪ੍ਰੀਤਿ ਬਾਸਰ ਬਖਾਨੀਐ॥੪੨੭

ਜਿਹੜੇ (ਰੈਨ) ਰਾਤ ਦੇ ਸੌਣ ਵੇਲੇ ਠਗ ਚੋਰ ਯਾਰ ਸਾਰੇ ਅਧਰਮੀ ਹੋਕੇ (ਅਨੀਤੀ) ਲੁਟ ਮਾਰ ਕਰਦੇ ਹਨ ਅਤੇ (ਬਾਸਰ) ਦਿਨ ਦੇ ਵੇਲੇ ਰਾਜੇ ਦੀ ਰਾਜਨੀਤੀ ਚਾਲ ਚੋਤ੍ਰੀ ਵੇਖਕੇ ਹਰ ਇਕ ਨਾਲ ਪ੍ਰੀਤੀ ਕਰਦੇ ਹਨ॥ ਭਾਵ ਸਾਰੇ ਮਾੜੇ ਕੰਮ ਕਰਨੇ ਛਡ ਦੇਂਦੇ ਹਨ। ਇਸੇ ਤਰ੍ਹਾਂ ਹੀ ਦੇਵਤਿਆਂ ਦੇ ਪਾਖੰਡ ਗੁਰ ਸੂਰਜ ਅਗੇ ਉਡ ਜਾਂਦੇ ਹਨ ॥੪੨੭॥

॥ਇਹ ਨਿਰਨਾ॥

ਨਿਸ ਦੁਰਮਤਿ ਹ੍ਵੈ ਅਧਰਮ ਕਰਮ ਹੇਤ
ਗੁਰਮਤਿ ਬਾਸਰ ਸੁ ਧਰਮ ਕਰਮ ਹੈ ।

ਖੋਟੇ ਆਦਮੀ ਦੁਰਮਤ ਰੂਪ ਰਾਤ ਕਰਕੇ ਅਧਰਮ ਦੇ ਕੰਮ ਕਰਨ ਵਾਸਤੇ ਲੋੜਦੇ ਹਨ ਅਤੇ ਚੰਗੇ ਆਦਮੀ ਗੁਰਮਤ ਰੂਪ ਦਿਨ ਕਰਕੇ ਸ੍ਰੇਸ਼ਟ ਧਰਮ ਦੇ ਕੰਮਾਂ ਦੇ ਪ੍ਰੇਮੀ ਰਹਿੰਦੇ ਹਨ।

ਦਿਨ ਕਰ ਜੋਤ ਕੈ ਉਦੋਤ ਸਭ ਕਛ ਸੂਝੈ
ਨਿਸ ਅੰਧਿਆਰੀ ਭੂਲੇ ਭ੍ਰਮਤ ਭਰਮ ਹੈ ।

(ਦਿਨਕਰ) ਸੂਰਜ। ਗੁਰਮਤਿ ਰੂਪ ਸੂਰਜ ਦੇ ਚੜ੍ਹਨ ਨਾਲ ਸਭ ਕੁਛ ਸੁਝ ਪੈਂਦਾ ਹੈ ਦੁਰਮਤ ਰੂਪ ਰਾਤ ਅਨ੍ਹੇਰੀ ਕਰਕੇ ਭਰਮ ਰੂਪ ਅੰਨ੍ਹੇਰੇ ਵਿਚ ਭੌਂਦੇ (ਭੁਲੇ) ਫਿਰੀ ਦਾ ਹੈ॥

ਗੁਰਮੁਖ ਸੁਖ ਫਲ ਦਿਬਿ ਦੇਹ ਦ੍ਰਿਸਟਿ ਹ੍ਵੈ
ਆਨ ਦੇਵ ਸੇਵਕ ਹ੍ਵੈ ਦ੍ਰਿਸਟਿ ਚਰਮ ਹੈ।

ਗੁਰਮੁਖਾਂ ਦੀ ਗਿਆਨ ਰੂਪੀ ਨੇਤ੍ਰਾਂ ਵਾਲੀ ਦੇਹ ਵਿਚ ਦ੍ਰਿਸ਼ਟੀ ਹੁੰਦੀ ਹੈ ਅਤੇ ਹੋਰਨਾਂ ਦੇਵਤਿਆਂ ਦਾ ਸੇਵਕ ਬਣਕੇ ਚੰਮ ਵਾਲੀ (ਭੈੜੀ) ਨਜ਼ਰ ਹੋ ਜਾਂਦੀ ਹੈ॥

ਸੰਸਾਰੀ ਸੰਸਾਰੀ ਸੰਗ ਅੰਧ ਅੰਧ ਕੰਧ ਲਾਗੈ
ਗੁਰਮੁਖ ਸੰਧ ਪਰਮਾਰਥ ਮਰਮ ਹੈ॥ ੪੨੮॥

301

(ਸੰਸਾਰੀ) ਸੰਸਾਰ ਦੇ ਲੋਕ (ਅੰਧ ਕੰਧੇ) ਅੰਨ੍ਹੇ ਅਜੀਰ। ਸੰਧ। (ਭਰਮ) ਮਲੀਨੀ ਭੇਦ। ਦੁਰਮਤ ਅੰਧੇਰੇ ਦੇ ਜੋਰ ਕਰਕੇ ਸੰਸਾਰੀ ਲੋਕ ਸੰਸਾਰ ਵਿਚ ਅੰਨ੍ਹਿਆਂ ਵਾਕੁਰ ਅੰਨ੍ਹੇ ਭਾਵ ਕੰਧਾਂ ਦੀਆਂ ਮੂਰਤੀਆਂ ਨਾਲ ਲਾਗੀ ਹੋਏ ਹਨ ਕੰਧਾਂ ਦੀਆਂ ਮੂਰਤਾਂ ਵਾਕੁਰ ਜਗਤ ਅਤੇ ਗੁਰਮੁਖ ਵਾਹਿਗੁਰੂ ਦੇ ਪ੍ਰੇਮ ਨਾਲ ਹੀ ਮਿਲੌਨੀ ਸ਼ਬਦ ਵਿਚ ਲਗਦੇ ਹਨ ॥

ਭਾਵ—ਗੁਰਮੁਖ ਨਾਮ ਜਪਦੇ ਹਨ ॥ ੪੯੮ ॥

ਦੇਵਤਿਆਂ ਦੀ ਸੇਵ ਨਾਲੋਂ ਗੁਰਾਂ ਦੀ ਸੇਵਾ ਵਿਚ ਵਿਸ਼ੇਸ਼ਤਾ ਦਸਦਾ ਹੈ ॥

ਜੈਸੇ ਜਲ ਮਿਲ ਬਹੁ ਬਰਨ ਬਨਾਸਪਤੀ

ਚੰਦਨ ਸੁਗੰਧ ਬਨ ਚੰਦਨ ਕਰਤ ਹੈ।

ਜਿਵੇਂ ਪਾਣੀ ਬਹੁਤ (ਬਰਨ) ਰੰਗਾਂ ਦੀ ਸਬਜ਼ੀ ਨੂੰ ਮਿਲਦਾ ਹੈ (ਭਾਵ ਹਰਿਆ ਕਰਦਾ ਹੈ) ਅਤੇ ਚੰਦਨ ਬ੍ਰਿਛ ਦੀ ਸੁਗੰਧੀ ਸਾਰੇ ਬਨ ਨੂੰ ਚੰਦਨ ਕਰ ਦੇਂਦੀ ਹੈ ॥

ਜੈਸੇ ਅਗਨਿ ਅਗਨਿ ਧਾਤ ਸੋਈ ਸੋਈ ਦੇਖੀ

ਪਾਰਸ ਪਰਸ ਜੋਤਿ ਕੰਚਨ ਧਰਤ ਹੈ।

ਜਿਵੇਂ ਅੱਗ ਵਿਚ ਧਾਤੂਆਂ ਪੱਕੇ ਪ੍ਰਗਟ ਆਦੀਆਂ ਹਨ ਪਰ ਜਦ ਠੰਢੀਆਂ ਹੋ ਜਾਂਦੀਆਂ ਹਨ ਤਦ ਜੇਹੀਆਂ ਪਹਿਲੇ ਹੁੰਦੀਆਂ ਹਨ ਤੇਹੀਆਂ ਹੀ ਨਜ਼ਰ ਆਉਂਦੀਆਂ ਹਨ। ਭਾਵ ਅਗ ਧਾਤਾਂ ਨੂੰ ਸੋਨਾ ਨਹੀਂ ਬਣਾ ਸਕਦੀ ਪਰ ਪਾਰਸ ਨੂੰ ਛੋਹ ਕੇ ਸੋਨੇ ਦੀ ਜੋਤਿ (ਧਾਤੂਆਂ) ਧਰਦੀਆਂ ਹਨ ॥

ਤੈਸੇ ਆਨ ਦੇਵ ਸੇਵ ਮਿਟਤ ਕੁਟੇਵ ਨਾਹੀ

ਸਤਿਗੁਰ ਦੇਵ ਸੇਵ ਭੈਜਲ ਤਰਤ ਹੈ।

ਤਿਵੇਂ ਹੀ "ਉਪ੍ਰੋਕਤ ਅਗ ਵਾਂਗੂ" ਹੋਰ ਦੇਵਤਿਆਂ ਦੀ ਸੇਵਾ ਕਰਕੇ ਬੁਰੀ ਆਦਤ ਨਹੀਂ ਦੂਰ ਹੁੰਦੀ। ਅਤੇ (ਪਾਰਸ ਵਾਂਗੂ) ਸਤਗੁਰ ਦੇਵ ਦੀ ਸੇਵਾ ਕਰਕੇ ਹੀ ਦਾਇਰ ਸੰਸਾਰ ਰੂਪ ਸਮੁੰਦ੍ਰ ਦਾ ਪਾਣੀ ਤਰ ਜਾਈਦਾ ਹੈ ॥

ਗੁਰਮੁਖ ਸੁਖ ਫਲ ਮਹਾਤਮ ਅਗਾਧ ਬੋਧ

ਨੇਤਿ ਨੇਤਿ ਨੇਤਿ ਨਮੋ ਨਮੋ ਉਚਰਤ ਹੈ ॥ ੪੯੯

ਅਗਾਧ ਬੋਧ ਐਸਾ ਜਾਨਣਾ (ਜਾਣੋ) ਗੁਰਮੁਖ ਨੂੰ ਜੋ ਸੇਵਾ ਕਰਨ ਦਾ ਸੁਖ ਰੂਪ ਫਲ ਲਗਾ ਹੈ ਉਸਦਾ ਮਹਾਤਮ ਜਾਨਣਾ ਐਸਾ ਹੈ ਇਸ ਕਰਕੇ ਅਸੀਂ ਸਦਾ ਸਦਾ ਉਚਾਰਕੇ ਨਮਸਕਾਰ ਕਰਦੇ ਹਾਂ ॥ ੪੯੯ ॥

ਭਰਿਆਂ ਨੂੰ ਰਤਾ ਕੁ ਮਾੜੇ ਕੰਮ ਵਾਲੀਆਂ ਕਲੰਕ ਲਗ ਜਾਂਦਾ ਹੈ ਅਤੇ ਭਰਿਆਂ ਨੂੰ ਭਾਵੇਂ ਹੋਰ ਪਾਪ ਕਰਦਿਆਂ ਲੋਕਾਂ ਸ਼ਬਦ ਮਠ ਵਿਚ ਭੀ ਕੋਈ ਦੂਸ਼ਨ ਨਹੀਂ ਆਉਂਦਾ ॥

ਪ੍ਰਗਟ ਸੰਸਾਰ ਬਿਭਚਾਰ ਨਹੈ ਗਨਿਕਾ ਪੈ
ਤਾਂਹਿ ਲੋਗ ਬੇਦ ਅਰੁ ਗਿਆਨ ਕੀ ਨ ਕਾਨ ਹੈ ।

ਪ੍ਰਗਟ ਹੀ ਸੰਸਾਰ ਵਿਚ ਵੇਸਵਾ ਬਾਜ਼ਾਰਿਆਂ ਨਾਲ ਮੰਦਾ ਕੰਮ ਕਰਦੀ ਹੈ (ਵਾ ਸੰਸਾਰ ਗਨਿਕਾ (ਪੈ) ਪਾਸ ਵਾਲਾ ਮੰਦਾ ਕੰਮ ਕਰਣਾ ਹੈ) ਸੋ ਪਰ ਤੂੰ ਤਿਸ ਵੇਸਵਾ ਨੂੰ ਲੋਕਾਂ ਵੇਦਾਂ ਅਤੇ ਗਿਆਨ ਦੀ ਕਾਨ (ਲਾਜ) ਕਾਨੂੰਨ (ਡਰ) ਨਹੀਂ ਹੈ ਭਾਵ ਓਹ ਕਿਸੇ ਪਾਸੋਂ ਨਹੀਂ ਡਰਦੀ ॥

ਕੁਲਾ ਬਧੂ ਛਾਡਿ ਭਰਤਾਰ ਆਨ ਦੁਆਰ ਜਾਇ
ਲਾਛਨ ਲਗਾਵੈ ਕੁਲ ਅੰਕਸੁ ਨ ਮਾਨ ਹੈ ।

ਲਾਛਨ=ਕਲੰਕ। ਅੰਕਸੁ=ਕੁੰਡਾ। ਅਤੇ ਜੇਹੜੀ ਇਸਤ੍ਰੀ "ਹੋਂਦਾ" ਪਤੀ ਨੂੰ ਛਡਕੇ ਹੋਰ ਕਿਸੇ ਦੇ ਬੂਹੇ ਤੇ ਜਾਵੇ ਅਤੇ ਕੁਲ ਦੀ ਮਰਯਾਦਾ ਰੂਪ ਕੁੰਡਾ (ਹਾਥੀ ਵਾਲਾ) ਕੁਝ ਨਾ ਮੰਨੇ ਓਹ ਕੁਲ ਨੂੰ ਦੋਸ਼ ਲੌਂਦੀ ਹੈ ॥

ਕਪਟ ਸਨੇਹੀ ਬਗ ਧਿਆਨ ਆਨਸਰ ਫਿਰੈ
ਮਾਨਸਰ ਛਾਡੈ ਹੰਸ ਬੰਸ ਮੈ ਅਗਯਾਨ ਹੈ ।

ਜਿਵੇਂ ਬਗਲਾ ਪ੍ਰੇਮੀ ਬਗਲਾ ਹੋਰ ਛਪੜਾਂ ਦਾ ਧਿਆਨ ਕਰਦਾ ਫਿਰੇ (ਭਾ: ਕਿਸੇ ਨੂੰ ਦੋਸ਼ੀ ਕਰ ਨਹੀਂ) ਅਤੇ ਜੇ ਮਾਨ ਸਰੋਵਰ ਨੂੰ ਹੰਸ ਛਡ ਦੇਵੇ ਤਾਂ ਓਹ ਆਪਣੀ ਔਲਾਦ ਵਿਚ ਮੂਰਖ ਹੁੰਦਾ ਹੈ ॥

ਗੁਰਮੁਖ ਮਨਮੁਖ ਦੁਰਮਤਿ ਗੁਰਮਤਿ
ਪਰ ਤਨ ਧਨ ਲੇਪ ਨਿਰਲੇਪ ਪਰਵਾਨ ਹੈ ॥੪੯੦

(ਤਿਵੇਂ ਹੀ) ਜੇ ਗੁਰਮੁਖ ਗੁਰਮਤਿ ਪਰ ਤਨ ਧਨ ਲੇਪ ਭਾਵ ਗੁਰ ਮੁਖ ਗੁਰ ਸਿੱਖਿਆ ਨੂੰ ਧਾਰਨ ਵਾਲੇ ਜੋ ਪਰਾਇ (ਤਨ) ਪਰ ਇਸਤ੍ਰੀ ਧਨ ਨੂੰ ਵੇਖ ਲੈਣ ਦਾ ਥੋੜਾ ਜੇਹਾ ਭੀ (ਲੇਪ) ਦੋਸ਼ ਵਿਚ ਜਾਣਾ ਗਿਆ ਦੋਸ਼ਾਂ ਨਾਲ ਲਿਬੜੇ ਜਾਂਦੇ ਹਨ। ਅਤੇ ਜੇ "ਮਨਮੁਖ ਦੁਰਮਤ ਪਰ ਤਨ ਧਨ ਨਿਰਲੇਪ ਪਰਵਾਨ ਹੈ" ਖੋਟੇ ਆਦਮੀ ਭੈੜੀ ਸਿੱਖਿਆ ਵਾਲੇ ਪਰਾਇ ਪੁਤ੍ਰ ਇਸਤ੍ਰੀ ਧਨ ਦਾ ਧਾਰਨ ਕਰ ਲੈਣ ਤਾਂ (ਨਿਰਲੇਪ) ਉਨ੍ਹਾਂ ਨੂੰ ਕੋਈ ਦੋਸ਼ ਨਹੀਂ ਲਗਦਾ ਭਾਵ ਗੁਰਮੁਖ ਗੁਰਮੁਖ ਕਰਕੇ ਪਰ ਤਨ ਧਨ ਤੇ ਨਿਰਲੇਪ ਹਨ ਅਤੇ

ਮਨਮੁਖ ਦੁਰਮਤ ਕਰਕੇ ਪਰ ਗੁਨ ਧਨ ਦੇ ਲੋਭ ਵਾਲੇ ਹਨ ॥ ੪੯੦ ॥

ਸਾਧ ਸੰਗਤ ਵਿਚ ਮਨਮੁਖ ਕਿੰਨਾਂ ਬੁਰੇ ਕੰਮ ਤੋਂ ਨਹੀਂ ਹਟਦੇ

ਪਾਨ ਜੈ ਕਪੂਰ ਲੌਂਗ ਚਲ ਕਾਗ ਆਗੈ ਰਾਖੈ
ਬਿਸਟਾ ਬਿਗੰਧਿ ਖਾਤ ਅਧਿਕ ਸਿਆਨ ਹੈ ।

ਪਾਨ ਕਪੂਰ ਅਤੇ ਲੌਂਗਾਂ ਦਾ ਲੇ ਚਲਾਂ ਕਾਂ ਅੱਗੇ ਰਖੀਏ । ਤਾਂ ਗੰਦਦੀ ਦੁਰਗੰਧੀ ਖਾਂਦਾ ਹੈ ਆਪਣੀ ਸਿਆਣਪ ਕਰਕੇ ॥

ਬਾਰ ਬਾਰ ਸ੍ਵਾਨ ਜੌ ਪੈ ਗੰਗਾ ਇਸਨਾਨ ਕਰੈ
ਛਟੈ ਨ ਕੁਟੇਵ ਦੇਵ ਹੋਤ ਨ ਅਗਯਾਨ ਹੈ ।

ਬਾਰ ਬਾਰ ਜੇ (ਸ੍ਵਾਨ) ਕੁੱਤਾ ਗੰਗਾ ਵਿਚ ਨ੍ਹਾਵੇ ਤਾਂ ਭੈੜੀ ਬੁਰੀ ਆਦਤ ਛੁਟਦੀ ਨਹੀਂ ਅਤੇ ਅਗਯਾਨੀ ਦੇਵਤਾ ਨਹੀਂ ਹੁੰਦਾ ॥

ਸਾਂਪ ਜੌ ਪੈ ਪਾਨ ਮਿਸਟਾਨ ਮਹਾਂ ਅੰਮ੍ਰਿਤ ਕੈ
ਉਗਲਤ ਕਾਲ ਕੂਟ ਹੀ ਜੈ ਅਭਿਮਾਨ ਹੈ ।

(ਪੈ) ਦੁਧ । (ਕਾਲਕੂਟ) ਜ਼ਹਿਰ । ਜੇ ਸਪ ਨੂੰ ਬਹੁਤਾ ਮਿੱਠਾ ਖਾਂਡ ਦੁਧ ਪਿਆਈਏ ਤੇ ਭੀ ਉਹ ਵਿਹੁ ਨੂੰ ਬਾਹਰ ਕੱਢਦਾ ਹੈ ਹੰਗਤਾ ਦੇ ਹੰਕਾਰ ਕਰਕੇ ॥

ਤੈਸੇ ਮਾਨਸਰ ਸਾਧ ਸੰਗਤ ਮਰਾਲ ਸਭਾ
ਆਨ ਦੇਵ ਸੇਵਕ ਤਕਤ ਬਗ ਧ੍ਯਾਨ ਹੈ ॥੪੯੧॥

(ਮਰਾਲ) ਹੰਸ । (ਬਗ) ਬਗਲਾ । ਜਿਵੇਂ ਹੰਸਾਂ ਦੇ ਤਾਲ ਤੇ ਬਗਲੇ ਸਾਰੇ ਮੱਛੀਆਂ ਦੇ ਖਾਣ ਵਲ ਵੇਖਦੇ ਰਹਿੰਦੇ ਹਨ । ਇਵੇਂ ਹੀ ਸਾਧ ਸੰਗਤ ਖਾਲਸਾ ਜੀ ਦੇ ਦੀਵਾਨ ਵਿਚ ਹੋਰ ਦੇਵਤਿਆਂ ਦੇ ਸੇਵਕ ਬੁਰੇ ਕੰਮ ਵਲ ਧਯਾਨ ਨ ਕਰਦੇ ਹਨ ॥ ੪੯੧ ॥

ਚਕਵੀ ਚਕੋਰ ਅਹਿਨਿਸਿ ਸਸਿ ਭਾਨ ਧ੍ਯਾਨ
ਜਾਹੀ ਜਾਹੀ ਰੰਗ ਰਚੌ ਤਾਹੀ ਤਾਹੀ ਚਾਹੈ ਜੀ ।

(ਅਹਿਨਿਸ) ਦਿਨ, ਰਾਤ । (ਸਸਿ ਭਾਨ) ਚੰਦ੍ਰਮਾ, ਸੂਰਜ । ਚਕਵੀ ਦੇਖੋ ਵੇਲੇ ਸੂਰਜ ਚੜ੍ਹਨ ਵਲ ਅਤੇ ਚਕੋਰ ਰਾਤ ਨੂੰ ਚੰਦ੍ਰਮਾ ਵਲ ਧਿਆਨ ਕਰਦਾ ਹੈ । ਇਵੇਂ ਹਾਂ ਹੋਰ ਜਿਸ ਜਿਸ ਪ੍ਰੇਮ ਵਿਚ ਕੋਈ ਰਚ ਗਿਆ ਹੈ ਉਸ ਉਸ ਨੂੰ ਹੀ ਉਹ ਚਾਹੁੰਦਾ ਹੈ ਭਾਵੇਂ ਜਾਨ ਚਲੀ ਜਾਵੇ ।

ਦੇਖੋ ਵਾਰ ੨ ਪੌੜੀ ੧੭ ਪੰਗਤੀ ੫-੬ ॥

ਤਿਵੇਂ ਚਕੋਰ ਪਤੰਗ ਤੇ ਚੋਖ ਦਿਸਾਨ ਕਰੇਂਦਾ।
ਬਕਰੀ ਕੁਰਜ ਹੇਤ ਹੈ ਸੰਜੋਗ ਬਣੰਦਾ।

ਮੀਨ ਔ ਪਤੰਗ ਜਲ ਪਾਵਕ ਪ੍ਰਸੰਗ ਹੇਤ
ਟਾਰੀ ਨ ਟਰਤ ਟੇਵ ਓੜ ਨਿਰਬਾਹੈ ਜੀ।

(ਮੀਨ, ਹੇਤ) ਮਛੀ, ਪ੍ਰੇਮ। (ਪਾਵਕ) ਅਗਨੀ। ਮਛੀ ਦਾ ਪਾਣੀ ਨਾਲ ਅਤੇ ਪਤੰਗੇ ਦਾ ਅਗ ਨਾਲ ਪ੍ਰੇਮ ਦਾ ਪ੍ਰਸੰਗ ਆਖਦੇ ਹਨ ਜਿਆਂ ਦੀ ਬਣੀ ਆਦਤ ਹਟਾਈ ਹੋਈ ਨਹੀਂ ਹਟਦੀ ਮਰਨ ਪ੍ਰਜੰਤ ਨਿਬਾਹੁੰਦੇ ਹਨ। ਵਾਰ ੨ ਪੌੜੀ ੪੭ ਪੰਨੇ ੨ ॥ ਦੀਪਕ ਹੇਤ ਪਤੰਗ ਦਾ ਜਲ ਮੀਨ ਤਰੰਦਾ।
ਪੂਰਾ ਵਾਰ ੨੭ ਪੌੜੀ ੨।੨੩ ਸਾਰੀ ਵੇਖੋ ॥

ਮਾਨਸਰ ਆਨਸਰ ਹੰਸ ਬਗ ਪ੍ਰੀਤਿ ਰੀਤਿ
ਉਤਮ ਔ ਨੀਚ ਨ ਸਮਾਨ ਸਮਤਾਹੈ ਜੀ।

ਹੰਸ ਦੀ ਦੁਧ ਦੇ ਤਾਲ ਨਾਲ ਅਤੇ ਬਗਲੇ ਦੀ ਮਛੀਆਂ ਦੇ ਛਪੜ ਨਾਲ ਪ੍ਰੀਤੀ ਦੀ ਰੀਤੀ ਹੈ ਉਤਮ ਹੰਸ ਨਾਲ ਨੀਚ ਬਗਲਾ। ਸਮਾਨਤਾ ਕਰਕੇ ਬਰਾਬਰ ਨਹੀਂ ਹੋ ਸਕਦਾ ਇਕੁਰ ਹੀ ਮਨਮੁਖ॥

ਤੈਸੇ ਗੁਰਦੇਵ ਆਨ ਦੇਵ ਸੇਵਕਨ ਭੇਦ
ਸਮਸਰ ਨ ਹੋਤ ਸਮੁੰਦ੍ਰ ਸਰਤਾਹਿ ਜੀ ॥ ੪੯੨ ॥

ਜਿਕੁਰ ਨਦੀਆਂ ਸਮੁੰਦ੍ਰ ਦੇ ਬਰਾਬਰ ਨਹੀਂ ਹੋ ਸਕਦੀਆਂ ਤਿਕੁਰ ਹੀ ਗੁਰਦੇਵ ਦੇ ਸੇਵਕਾਂ ਅਤੇ ਹੋਰ ਦੇਵਤਿਆਂ ਦੇ ਸੇਵਕਾਂ ਦਾ ਭੇਦ ਹੈ, ਬਰਾਬਰ ਨਹੀਂ ਹੁੰਦੇ॥ ੪੯੨॥ ਪੂਰਾ ਕਬਤ -

ਪ੍ਰੀਤਿ ਭਾਇ ਪੇਖੈ ਪ੍ਰਤਿਬਿੰਬ ਚਕਈ ਜਤੋਂ ਨਿਸ
ਗੁਰਮਤਿ ਆਪਾ ਆਪ ਚੀਨ ਪਹਿਚਾਨੀਐ।

(ਨਿਸ ਚੀਨ) ਰਾਤ, ਜਾਣ। ਜਿਕੁਰ ਆਪਣੇ ਪਰਛਾਵੇਂ ਨੂੰ ਚਕਵੀ ਰਾਤੀ ਦਾ ਪ੍ਰਛਾਵਾਂ (ਸ਼ਾਂਤੀ ਅਲੰਕਾਰ) ਜਾਣਕੇ ਪ੍ਰੇਮ ਨਾਲ ਪ੍ਰੀਤੀ ਕਰਨ ਲੈਂਦੀ ਹੈ ਤਿਕੁਰ ਹੀ ਗੁਰਮਤ ਵਾਲੇ ਆਪਣੇ ਆਪ ਨੂੰ (ਵਾਹਿਗੁਰੂ ਵਿਚ ਅਤੇ ਵਾਹਿਗੁਰੂ ਨੂੰ ਆਪਣੇ ਵਿਚ) ਜਾਣਕੇ ਪਛਾਣਦੇ ਹਨ॥

ਬੈਰ ਭਾਇ ਪੇਖੈ ਪਰਛਾਈ ਕੂਪੰਤਰ ਪਰੈ
ਸਿੰਘ ਦੁਰਮਤ ਜਗ ਦੁਬਿਧਾ ਕੈ ਜਾਨੀਐ।

ਜਿਥੁਰ ਵੈਰ ਭਾਉ ਨਾਲ ਖੁਰਵਿਚ ਆਪਣੇ ਪ੍ਰਭਾਵੇਂ ਨੂੰ ਸਿਰ (ਇਕ ਹੋਰ ਵਰ) ਵੇਖਕੇ ਪੈ ਜਾਂਦਾ ਹੈ ਇਨ੍ਹਾਂ ਹੀ ਖੋਟੀ ਅਕਲ ਵਾਲੇ ਦ੍ਵੈਤ ਭਾਉ ਵਿਚ ਲਗਕੇ ਆਪਣੇ ਆਪਨੂੰ ਗਵਾ ਲੈਂਦੇ ਸਾਣੇ।

ਗੁਰਬਾਣੀ ਤੇ ਵਿਚਾਰਮਾਲਾ।   ਦੋਹਰਾ

ਏਕ ਪ੍ਰਮੱਤ ਨਾਦਰ ਬਣੇ ਸਮੇਂ ਬਿਲਾਸਨੇ ਭਾਂਹਿ 'ਸਾਰਥ।

ਕੇਹਰ ਸਮਝਾਈ ਨਿਰਖ ਪਰਸੇ ਕੂਪ ਅਗਜਾਨ ਵਿਚਾਰ।

ਜੌ ਸੁਤ ਅਨੇਕ ਏਕ ਸੰਗ ਹਿਲ ਮਿਲ ਰਹੈ

ਸ੍ਵਾਨ ਆਨ ਦੇਖਤ ਬਿਰੁਧ ਜੁਧ ਠਾਨੀਐ।

ਜਿਵੇਂ ਭਾਈਆਂ ਦੇ ਵੱਡੇ ਬਾਹਲੇ ਸਾਰੇ ਆਪਸ ਵਿਚ ਇਕ ਦੂਜੇ ਨਾਲ ਮਿਲ ਰਹਿੰਦੇ ਹਨ ਅਤੇ ਕੁੱਤਾ ਇਕ (ਆਨ) ਹੋਰ (ਸ੍ਵਾਨ) ਕੁੱਤੇ ਨੂੰ ਵੇਖਕੇ ਵੈਰ ਨਾਲ ਜੰਗ ਕਰਦਾ ਹੈ॥

ਗੁਰਮੁਖ ਮਨਮੁਖ ਚੰਦਨ ਔ ਬਾਂਸ ਬਿਧਿ

ਗੁਨ ਕੈ ਦੋਖੀ ਬਿਕਾਰੀ ਉਪਕਾਰੀ ਉਨਮਾਨੀਐ॥੪੮੯॥

ਜਿਵੇਂ ਗੁਰਮੁਖ ਚੰਦਨ ਵਾਕਰ ਉਪਕਾਰੀ (ਉਨ ਮਾਨੀਐ) ਵਿਚਾਰੀਦੇ ਹਨ ਅਤੇ ਮਨਮੁਖ ਵਿਕਾਰੀ ਬਾਂਸਦੀ ਵਿਧੀ ਵਾਕੁਰ ਆਪਣੇ ਕਰਨ ਦੇ ਹੀ ਦੋਖੀ ਹੁੰਦੇ ਹਨ ਭਾਵ ਬਾਂਸ ਆਪੋ ਵਿਚ ਹੀ ਘਸਿਕੇ ਸੜ ਜਾਂਦੇ ਹਨ॥੪੮੯॥ ਪਸ਼ੂਆਂ * ਨਾਲੋਂ ਹੀਨ ਮਨਮੁਖ ਹਨ॥

ਕੋਊ ਜੋ ਬੁਲਾਵੈ ਕਹਿ ਸ੍ਵਾਨ ਮ੍ਰਿਗ ਸਰਪ ਕੈ

ਸੁਨਤ ਰਿਸਾਇ ਧਾਇ ਗਾਰ ਮਾਰ ਦੀਜੀਐ।

(ਸ੍ਵਾਨ ਮ੍ਰਿਗ) ਕੁੱਤਾ ਹਰਨ। ਜੇ ਕੋਈ ਮਨਮੁਖਾਂ ਨੂੰ ਕੁੱਤਾ ਹਰਨ ਸਪ ਕਰਕੇ ਬੁਲਾਵੇ ਤਾਂ ਸੁਣਕੇ ਗੁਸੇ ਹੁੰਦੇ ਹਨ ਅਤੇ ਦੌੜਕੇ ਗਾਲੀਆਂ ਦੇਕੇ ਮਾਰ ਦੇਂਦੇ ਹਨ॥

ਸ੍ਵਾਨ ਸ੍ਵਾਮਿ ਕਾਮ ਲਗ ਜਾਮਨੀ ਜਾਗਤ ਰਹੈ

ਨਾਦ ਕੈ ਸੁਨਾਇ ਮ੍ਰਿਗ ਪ੍ਰਾਨ ਹਾਨਿ ਕੀਜੀਐ।

---

* ਸਾਦੀ ਵਿਚ ਗੁਲਿਸਤਾਂ ਬਾਬ ਪਹਿਲਾਂ ਹਕਾਯਤ ੨੧ ਮੇ

ਮਸਕੀਨ ਖਰ ਅਗਰਚੇ ਬੇਤਮੀਜ਼ ਅਸਤ। ਚੂੰ ਬਾਰ ਹਮੀ ਬੁਰਦ ਅਜ਼ੀਜ਼ ਅਸਤ। ਗਾਵਾਂ ਨ ਖਰਾਂ ਬਾਰ ਬਰਦਾਰ। ਬਿਹ ਜ਼ਾਦਮੀਆਂ ਮਰਦਮ ਆਜ਼ਾਰ।

ਉੱਤੇ ਗੁਸਾਈਂ ਦੇ ਕੰਮ ਵਿਚ ਲਾਕਰਕੇ ਸਾਰੀ (ਆਯੂ) ਕਾਰਜ ਜਾਂਦਾ ਕਰੀਦਾ ਹੈ ਅਤੇ ਸ਼ਿਕਾਰੀ ਮੰਤ੍ਰ ਪੜ ਕੇ ਸਰਪ ਨੂੰ ਬੁਲਾਕੇ ਧਰਤ ਤੇ ਸੂਰਤਾਂ ਦੀ ਹਾਜ਼ਰ ਕਰ ਦਿੰਦਾ ਹੈ ॥

ਗੁਨ ਮੰਤ੍ਰ ਪੜੈ ਸਰਪ ਆਪ ਦੇਤ ਤਨ ਮਨ

ਲੇਤ ਹੇਤ ਹੇਤ ਚੇਤ ਲਾਜ ਚਾਹਿ ਛੀਜੀਐ ।

ਸਪ ਮੰਤ੍ਰਾਂ ਦੀ ਧੁਨੀ ਪੜਨ ਅਤੇ ਤਨ ਮਨ ਅਰਪਾਂਦਾ ਹੈ ਅਤੇ ਦੇਹ ਨੂੰ (ਹੇਤ) ਪ੍ਰੇਮ ਕਰਦਾ ਹੈ ਪਰੰਤੂ ਆਪਣੇ (ਹੇਤ) ਕੁਲ ਵਿਚ ਸੰਮਸ ਨਹੀਂ ਹੁੰਦਾ ਬਲਕਿ ਲਾਜ ਨੂੰ (ਚਾਹ) ਕਰ ਲੈਂਦਾ ਹੈ ਭਾਵ ਬੀਨ ਸੁਨਕੇ ਸੱਪ ਆਪਣਾ ਆਪ ਦੇ ਦੇਂਦਾ ਹੈ ॥

ਐਹਨ ਭਗਤ ਭਾਵ ਸਬਦ ਸੁਰਤ ਹੀਨ

ਗੁਰ ਉਪਦੇਸ ਬਿਨ ਧ੍ਰਿਗ ਜਗ ਜੀਜੀਐ ॥੪੯੪॥

ਇਸੇ ਤਰ੍ਹਾਂ ਹੀ ਵਾਹਿਗੁਰੂ ਦੀ ਪ੍ਰੇਮਾ ਭਗਤੀ ਅਤੇ ਸ਼ਬਦ ਦੀ ਸੁਰਤ ਤੋਂ ਹੀਣ ਹੋਣਾ (ਸਪ ਵਰਗੇ ਬਾਂਦਰ) ਜੀਣਾ ਹੈ ਉਸ ਸਿਖ ਦਾ ਗੁਰ ਉਪਦੇਸ਼ ਤੋਂ ਬਿਨਾਂ ਸੰਸਾਰ ਵਿਚ ਜੀਉਣਾ ਧ੍ਰਿਕਾਰ ਹੈ ॥ ੪੯੪॥

ਮਾਇਆ ਦੇ ਧੰਧੇ ਛੱਡਕੇ ਮਰਨ ਵੇਲੇ ਨਾਮ ਜਪਣਾ ਇਵੇਂ ਹੈ ॥

ਜੈਸੇ ਘਰ ਲਾਗੈ ਆਗ ਜਾਗ ਕੂਆ ਖੋਦਓ ਚਾਹੈ

ਕਾਰਜ ਨ ਸਿਧ ਹੋਇ ਰੋਇ ਪਛੁਤਾਈਐ ॥

ਜਿਵੇਂ ਰਾਤ ਨੂੰ ਸੁਤੇ ਪਿਆਂ ਘਰ ਨੂੰ ਅਗ ਲਗ ਜਾਵੇ ਤਾਂ ਜਾਗ ਕੇ ਚਾਹੇ ਕਿ ਮੈਂ ਖੂਹ ਪੁਟਕੇ ਪਾਣੀ ਕੱਢਕੇ ਅੱਗ ਬੁਝਾ ਲਵਾਂ ਤਾਂ ਕੰਮ ਕਦੇ ਪੂਰਾ ਨਹੀਂ ਹੁੰਦਾ ਅੰਤ ਨੂੰ ਰੋਕੇ ਪਛੁਤਾਂਵਦਾ ਹੈ ॥

ਜੈਸੇ ਤੌ ਸੰਗ੍ਰਾਮ ਸਮੈ ਸੀਖਓ ਚਾਹੈ ਬੀਰ ਬਿਦਿਆ

ਅਨਥਾ ਉਦਮ ਕੈਤ ਪਦਵੀ ਨ ਪਾਈਐ ॥

(ਸੰਗ੍ਰਾਮ) ਜੁਧ ਵੇਲੇ । ਜਿਵੇਂ ਕੋਈ ਜੰਗ ਦੇ ਵੇਲੇ ਸੂਰਮਿਆਂ ਵਾਲੀ ਵਿਦਯਾ ਸਿਖਣੀ ਚਾਹੇ ਤਾਂ ਐਵੇਂ ਉਸਦਾ ਜਤਨ ਹੈ ਕਿਉਂਕਿ ਉਹ ਜਿੱਤ ਦੀ ਪਦਵੀ ਨਹੀਂ ਪਾਂਦਾ ॥

ਜੈਸੇ ਨਿਸ ਸੋਵਤ ਸੰਘਾਤੀ ਚਲ ਜਾਤ ਪਾਛੈ

ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ ।

ਜਿਕੂਰ (ਜਿਸ) ਰਾਤ ਨੂੰ ਸੁਤਿਆਂ ਪਿਆਂ (ਸੈਂਗਾਰੀ) ਸਾਰੀ ਗੁਜ਼ਰ ਜਾਏ ਅਤੇ ਕੋਈ ਪਿਛੋਂ ਉਠ ਕੇ (ਭੋਰ) ਦਿਨ ਚੜ੍ਹੇ ਭਾਰ ਬੰਨ੍ਹ ਕੇ ਚਲਿਆਂ ਚਾਹੇ ਤਾਂ ਕਿਆ ਉਹਨਾਂ ਸਾਥੀਆਂ ਨੂੰ ਜਾਕੇ ਪਹੁੰਚ ਸਕਦਾ ਹੈ? ॥

ਤੈਸੇ ਮਾਯਾ ਧੰਧ ਅੰਧ ਅਵਧ ਬਿਹਾਇ ਜਾਇ

ਅੰਤਕਾਲ ਕੈਸੇ ਹਰਿਨਾਮ ਲਿਵਲਾਈਐ ॥੪੯੫॥

ਤਿਕੂਰਹੀ ਮਾਇਆ ਦੇ ਧੰਧਿਆਂਵਿਚ ਅੰਨ੍ਹੇ ਦੀ ਉਮਰ ਗੁਜ਼ਰਦੀ ਜਾਂਦੀ ਹੈ ਅਤੇ (ਆਖਦਾ ਹੈ ਮੈਂ ਮਰਨ ਲਗਾ ਨਾਮ ਜਪ ਲਵਾਂਗਾ) ਸੋ ਕਿਕੂਰ ਓੜਕ ਦੇ ਵੇਲੇ ਵਾਹਿਗੁਰੂ ਦੇ ਨਾਮ ਵਿਚ(ਲਿਵ) ਬ੍ਰਿਤੀ ਲਾਈ ਜਾਵੇਗੀ॥੪੯੫॥

ਉਪ੍ਰੋਕਤਿ ਮਾਇਆ ਕਰਕੇ ਮਨ ਕਿਕੂਰ ਮੈਲਾ ਹੋਇਆ ਵੇ ਹੈ ॥

ਜੈਸੇ ਤੌ ਚਪਲ ਜਲ ਅੰਤਰ ਨ ਦੇਖੀਅਤਿ

ਪੂਰਨ ਪ੍ਰਗਾਸ ਪ੍ਰਤਿਬਿੰਬ ਰਵਿ ਸਸਿ ਕੋ ।

(ਰਵਿ ਸਸਿ)ਸੂਰਜ ਚੰਦ੍ਰਮਾ । ਜਿਕੂਰ ਹਿਲਦੇ ਪਾਣੀਵਿਚ ਸੂਰਜ ਚੰਦ੍ਰਮਾਂ ਦੇ ਪ੍ਰਛਾਵੇਂ ਦਾ ਪੂਰਾ ਚਾਨਣ ਨਹੀਂ ਦਿਸਦਾ ॥

ਜੈਸੇ ਤੌ ਮਲੀਨ ਦਰਪਨ ਮੈ ਨ ਦੇਖੀਅਤਿ

ਨਿਰਮਲ ਬਦਨ ਸਰੂਪ ਉਰਬਸਿ ਕੋ ।

ਜਿਕੂਰ ਮੈਲੇ ਸ਼ੀਸ਼ੇ ਵਿਚ ਸੁੰਦਰ ਇਸਤ੍ਰੀ ਦਾ ਉਜਲ ਮੂੰਹ ਨਹੀਂ ਦਿਸਦਾ

ਜੈਸੇ ਬਿਨ ਦੀਪ ਨ ਸਮੀਪ ਕੋ ਬਿਲੋਕੀਅਤਿ

ਭਵਨ ਭਯਾਨ ਅੰਧਕਾਰ ਤ੍ਰਾਸ ਤਸ ਕੋ ।

ਜਿਕੂਰ ਦੀਵੇ ਬਿਨਾਂ ਪਾਸ (ਦੀ ਚੀਜ਼ ਨੂੰ) ਭੀ ਨਹੀਂ ਦੇਖੀ ਦਾ ਅਤੇ ਘਰ ਦਾ ਡਰ, ਅਨ੍ਹੇਰੇ ਦਾ ਡਰ (ਤ੍ਰਾਸ) ਚੋਰ ਦਾ (ਡਰ) ਨਹੀਂ ਦੂਰ ਹੁੰਦਾ ॥

ਤੈਸੇ ਮਾਯਾ ਭਰਮ ਕੈ ਅਧਮ ਅਛਾਦਿਓ ਮਨੁ

ਸਤਿਗੁਰ ਧ੍ਯਾਨ ਸੁਖ ਦਾਨ ਪ੍ਰੇਮ ਰਸ ਕੋ॥੪੯੬॥

ਤਿਕੂਰ ਹੀ ਮਾਇਆ ਦੇ ਭਰਮ ਕਰਕੇ ਨੀਚ ਮਨ ਢੱਕਿਆ ਹੋਇਆ ਹੈ (ਸੋ ਐਸੇ ਨਹੀਂ) ਸਤਿਗੁਰਾਂ ਦੇ ਪ੍ਰੇਮ ਰਸ ਦਾ ਧਯਾਨ ਸੁਖਦਾਇਕ ਕਿਸਤਰ੍ਹਾਂ ਨਹੀਂ ਹੁੰਦਾ ॥ ੪੯੬ ॥

ਜੈਸੇ ਏਕ ਸਮੈ ਦ੍ਰੁਮ ਸਫਲ ਸਪਤ੍ਰ ਪੂਨ
ਏਕ ਸਮੈ ਫੂਲ ਫਲ ਪਤ੍ਰ ਬਿਰਜਾਤ ਹੈ ।

ਜਿਵੇਂ ਇਕ ਵੇਲੇ (ਦ੍ਰੁਮ) ਬਿਛ ਫਲਾਂ ਪਤ੍ਰਾਂ ਸਹਿਤ ਹੁੰਦਾ ਹੈ (ਅਤੇ ਫਿਰ ਇਕ ਵੇਲੇ ਫੁਲ ਫਲ ਪਤ੍ਰ (ਸਾਰੇ) ਝੜ ਪੈਂਦੇ ਹਨ "ਸਿਸਰ ਰੁੱਤ ਪਤ ਝੜ।" "ਹਨੂਮਾਨ ਨਾਟਕ"

ਸਰਿਤਾ ਸਲਿਲ ਜੈਸੇ ਕਬਹੂ ਸਮਾਨ ਬਹੈ
ਕਬਹੂ ਅਥਾਹ ਅਤਿ ਪ੍ਰਬਲ ਦਿਖਾਤ ਹੈ ।

(ਸਰਿਤਾ, ਸਲਲ) ਨਦੀ, ਪਾਣੀ। ਜਿਵੇਂ ਨਦੀ ਦਾ ਪਾਣੀ ਕਦੀ ਥੋੜਾ ਜਿਹਾ ਹੀ ਵਗਦਾ ਹੈ ਅਤੇ ਕਦੀ ਡੂੰਘਾ ਬਹੁਤਾ ਜ਼ੋਰ ਵਿਖੌਂਦਾ ਹੈ।

ਏਕ ਸਮੈ ਜੈਸੇ ਹੀਰਾ ਹੋਤ ਜੀਰਨਾਂਬਰ ਮੈ
ਏਕ ਸਮੈ ਕੰਚਨ ਜਰੈ ਜਗਮਗਾਤ ਹੈ ।

ਇਕ ਵੇਲੇ ਜਿਵੇਂ ਹੀਰਾ ਫਟਿਆਂ ਹੋਇਆਂ ਕਪੜਿਆਂ ਵਿਚ ਹੁੰਦਾ ਹੈ ਅਤੇ ਇਕ ਵੇਲੇ ਸੋਨੇ ਵਿਚ ਜੜਿਆ ਹੋਇਆ ਚਮਕਦਾ ਹੈ॥

ਤੈਸੇ ਗੁਰ ਸਿਖ ਰਾਜ ਕੁੰਵਰ ਜੋਗੀਸੁਰ ਹੈ
ਮਾਯਾਧਾਰੀ ਤ੍ਯਾਗੀ ਜੋਗ ਜੁਗਤ ਜੁਗ ਤਹੈ ॥੪੯੭

ਤਿਵੇਂ ਹੀ ਗੁਰ ਸਿਖ ਕਦੀ ਤਾਂ ਰਾਜ ਕੁਮਾਰ ਵਾਂਗੂੰ ਬਾਹਲੇ ਦੌਲਤ ਵਾਲੇ ਹੁੰਦੇ ਹਨ ਅਤੇ ਕਦੀ ਜੋਗੀਆਂ ਦੇ ਸ਼ਿਰੋਮਣੀ ਹੋਕੇ ਜੋਗ ਦੀਆਂ ਜੁਗਤਾਂ ਵਿਚ (ਜੁਗਤ) ਸਰੀਰ ਨੂੰ ਜੋੜਦੇ ਹਨ ਤਿਆਗੀ ਫਕੀਰਾਂ ਵਾਂਗੂੰ ਰਹਿੰਦੇ ਹਨ ॥੪੯੭

ਕਬਹੂ ਹੋਇ ਬਹੁ ਬਡ ਰਾਜਾ।
ਕਬਹੂ ਭੇਖ ਰੀ ਨੀਚ ਕਾ ਸਾਜਾ ॥ "ਗਉੜੀ ਮ ੫ ਸੁਖਮਨੀ"

(ਉਪ੍ਰੋਕਤ ਗੁਰਮੁਖਾਂ ਦਾ ਉਪਦੇਸ਼)

ਅਸਨ ਬਸਨ ਜਗ ਜੀਨੇ ਔ ਬਦਨ ਕੀਨੇ
ਜਨਮ ਲੈ ਸਾਧ ਸੰਗ ਸ੍ਰੀ ਗੁਰ ਅਰਾਧ ਹੈ।

ਹੇ ਸਾਧ ਜਦ ਤੁਸੀ ਪਹਿਲੇ ਮਾਤਾ ਦੇ ਪੇਟ ਵਿਚ ਸਉ ਤਾਂ ਤੁਸੀ ਪ੍ਰਭੂ ਜੀ ਨਾਲ ਇਕਰਾਰ ਕੀਤੇ ਸਨ ਕਿ ਅਸੀਂ ਜਨਮ ਲੈਕੇ ਸਾਧਸੰਗਤ ਵਿਚ ਜਾਕੇ ਸੁਭਾਇਮਾਨ ਗੁਰਾਂ ਨੂੰ ਯਾਦ ਕਰਾਂਗੇ ਇਸ ਇਕਰਾਰ ਤੇ ਵਾਹਿਗੁਰੂ ਨੇ ਜੀਵ ਨੂੰ ਜੂਨਾਂ ਜਨਮ ਦਿਤਾ ਅਤੇ ਨਾਲ ਖਾਨ ਪਹਿਰਾਨ ਵਾਸਤੇ ਅਮੋਲਕ

ਵਰਤੂਆਂ ਦਿਤੀਆਂ। ਪਰ ਅਚਾਨਕ ਭੁਲਾਂ ਓਹ ਦਾਤੀਆਂ ਵਸਤੂਆਂ ਨਾਲ ਲੋਕੇ ਏਵੇਂ ਆਪੇ ਕੀ ਕੀਤਾ॥

ਈਹਾਂ ਆਇ ਦਾਤਾ ਬਿਸਰਾਇ ਲਪਟਾਇ ਦਾਸੀ

ਪੰਚ ਦੂਤ ਭੂਤ ਭ੍ਰਮ ਭ੍ਰਮਤ ਅਸਾਧ ਹੈ।

ਏਥੇ ਆਕੇ ਵਾਹਿਗੁਰੂ ਨੂੰ ਭੁਲਾਕੇ ਦੌਲਤ ਨਾਲ ਚੰਬੜ ਗਏ ਅਤੇ ਏਸੇ ਕਰਕੇ ਪੰਜ ਦੁਰਗਲ ਘੋਰ ਭੂਤਨੇ (ਕਾਮ ਆਦਿਕ) ਅਸਾਧ ਭਰਮ ਵਿਚ ਭਰਮਾਉਂਦੇ ਹਨ ਅਥਵਾ ਕਾਮਾਦਿਕਾਂ ਦੇ ਭਰਮ ਵਿਚ ਭੌਂਦੇ ਫਿਰਦੇ ਹੋ॥

ਸਾਰ ਮਰਨੋ ਬਿਸਾਰ ਜੀਵਨ ਮਿਥਿਆ ਸੰਸਾਰ

ਸਮਝੈ ਨ ਜੀਤਹਾਰ ਸੁਪਨ ਸਮਾਧਿ ਹੈ।

ਮਰਨ ਭੀ ਸਾਰ ਸੋ ਭੁਲ ਦਿਤਾ ਅਤੇ ਜੀਉਂਦਾ ਸੀ ਸੰਸਾਰ ਵਿਚ ਝੂਠਾ ਸੋ ਸਦਾ ਜਾਣ ਲਿਆ ਵਿਕੁਰ ਕੇ ਮੂਰਖ ਹੋਕੇ ਸਮਝਦੇ ਨਹੀਂ ਕਿਆਸੀ ਹਾਰਨਾਂ ਜਿਤਨਾਂ ਵਿਕੁਰ ਹੈ ਭਾਵ ਨਾਮ ਜਪਕੇ ਜਿਤਨਾ ਅਤੇ ਮਾਯਾ ਵਿਚ ਲਗਾਕੇ ਹਾਰਨਾ ਇਸ ਨੂੰ ਭੀ ਸਮਝਦੇ ਨਹੀਂ ਅਤੇ ਸੁਪਨੇ ਦੀ ਸਮਾਧੀ ਵਾਕੁਨ ਬੇਸੁਰਤ ਪਏ ਹੋਏ ਹਨ॥

ਔਸਰ ਹੈ ਹੈ ਬਤੀਤ ਲੀਜੀਏ ਜਨਮ ਜੀਤ

ਕੀਜੈ ਸਾਧਸੰਗ ਪ੍ਰੀਤਿ ਅਗਮ ਅਗਾਧ ਹੈ॥੪੯੧

ਵੇਲਾ ਗੁਜ਼ਰਦਾ ਜਾਂਦਾ ਹੈ ਜਨਮ ਨੂੰ ਜਿਤ ਲੈ ਅਤੇ ਬਹਾਲੇ ਡੂੰਘੇ ਆਕੇ ਵਾਲੀ ਸਤਿ ਸੰਗਤ ਵਿਚ ਪ੍ਰੀਤੀ ਕਰੋ॥੪੯੧॥

ਉਪ੍ਰੋਕਤ ਗੁਰਮੁਖਾਂ ਨੇ ਫਿਰ ਅੰਗ ਵਿਕੁਰ ਸਫਲ ਕਰਨੇ ਦਸੇ ਹਨ॥

ਸਫਲ ਜਨਮ ਗੁਰ ਚਰਨ ਸਰਨ ਲਿਵ

ਸਫਲ ਦ੍ਰਿਸਟਿ ਗੁਰ ਦਰਸ ਅਲੋਈਐ।

ਜਨਮ ਉਸੇ ਦਾ ਹੀ ਸਫਲ ਹੈ ਜਿਹੜਾ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ (ਲਿਵ) ਬ੍ਰਿਤੀ ਲੌਂਦਾ ਹੈ ਅਤੇ ਨਜ਼ਰ ਉਸੇ ਦੀ ਹੀ ਸਫਲ ਹੈ ਜੋ ਨੇਤ੍ਰਾਂ ਨਾਲ ਗੁਰਾਂ ਦਾ ਦਰਸ਼ਨ (ਅਲੋਈਐ) ਵੇਖਦਾ ਹੈ॥

ਸਫਲ ਸੁਰਤਿ ਗੁਰ ਸਬਦ ਸੁਨਤ ਨਿਤ

ਜਿਹਵਾ ਸਫਲ ਗੁਨ ਨਿਧਿ ਗੁਨ ਗੋਈਐ।

(ਸੁਰਤਿ) ਕੰਨ ਭਾਈ ਹੀ ਸਫਲ ਹੁੰਦੇ ਹਨ ਜੋ ਗੁਰਾਂ ਦੇ ਸ਼ਬਦ ਨੂੰ ਨਿਤ

ਸੋ ਮਨ ਵੀਰ ਅਤੇ ਜੀਭ ਤਦੇ ਸਫਲ ਹੁੰਦੀ ਹੈ ਜੇ (ਗੁਰਸਿਖ) ਗੁਰਦੇਵ ਕਰਕੇ (ਵਾਹਿਗੁਰੂ) ਦੇ ਗੁਣ (ਵਡਿਆਈਆਂ) ਉਚਾਰਨ ਕਰੀਏ ॥

ਸਫਲ ਹਸਤ ਗੁਰ ਚਰਨ ਪੂਜਾ ਪ੍ਰਨਾਮ
ਸਫਲ ਚਰਨ *ਪਰਦੱਖਣਾ ਕੈ ਪਾਈਐ ।

ਹਥ ਤਦ ਹੀ ਸਫਲ ਹੁੰਦੇ ਹਨ ਜੇ ਗੁਰਾਂ ਦੇ ਚਰਨਾਂ ਦੀ ਪੂਜਾ ਅਤੇ ਨਮਸਕਾਰ ਕਰੀਏ । ਅਤੇ ਚਰਨ ਗੁਰਾਂ ਦੀ ਪਰਦੱਖਣਾ (ਪ੍ਰਕਰਮਾ) ਸਹਿਤ ਤੁਰਦੇ (ਕਰਕੇ) ਸਫਲ ਹੁੰਦੇ ਹਨ ॥

ਸੰਗਮ ਸਫਲ ਸਾਧ ਸੰਗਤਿ ਸਹਜ ਘਰ
ਹਿਰਦਾ ਸਫਲ ਗੁਰਮਤਿ ਕੈ ਸਮੋਈਐ ॥੪੯੯॥

(ਸੰਗਮ) ਸਾਥੀ ਅਤੇ ਘਰ ਦੇ ਬਾਹਰ ਦੇ ਮਿਲਾਪ ਹੀ ਸਫਲ ਹਨ ਜਿਨ੍ਹਾਂ ਨੇ ਸਹਜ ਸਰੂਪ ਵਾਹਿਗੁਰੂ ਦੀ ਸਾਧ ਸੰਗਤ ਵਿਚ ਘਰ ਕੀਤਾ ਹੈ ਅਤੇ ਹਿਰਦਾ ਗੁਰਮਤਿ ਦੇ ਵਿਚਾਰ ਵਿਚ ਸਮੋਣ ਨਾਲ ਹੀ ਸਫਲ ਹੁੰਦਾ ਹੈ ॥੪੯੯॥

(ਸਿਖ) ਹੇ ਸ੍ਰੀ ਗੁਰ ਜੀ ਸਾਨੂੰ ਜਨਮ ਅਵਸਥਾ ਵਿਚ ਦੇਖ ਲੀਏ ਫਿਰ ਕਿਵੇਂ ਸਫਲ ਕਰ ਲਵਾਂਗੇ ॥ (ਗੁਰੂ)

ਕਤ ਪੁਨ ਮਾਨਸ ਜਨਮ ਕਤ ਸਾਧ ਸੰਗ
ਨਿਸਦਿਨ ਕੀਰਤਨ ਸਮੈ ਚਲ ਜਾਈਐ ।

ਕਿਥੋਂ ਫਿਰ ਮਨੁਖ ਜਨਮ ਵਾਰ ਵਾਰ ਮਿਲਣਾ ਹੈ ਅਤੇ (ਗੁਰੂ ਦੇ ਵੇਲੇ) ਕਿਥੋਂ ਫਿਰ ਸ਼ਬਦ ਕੀਰਤਨ ਦੇ ਵੇਲੇ (ਨਿਸ) ਰਾਤ (ਸੰਧਿਆਂ) ਦਿਨ ਦੇ ਵੇਲੇ ਸਾਧ ਸੰਗਤ ਵਿਚ ਤੁਰਕੇ ਜਾਇਆ ਜਾਂਦਾ ਹੈ ॥

ਕਤ ਪੁਨ ਦ੍ਰਿਸਟਿ ਦਰਸ ਹੈ ਪਰਸਪਰ
ਭਾਵਨੀ ਭਗਤਿ ਭਾਇ ਸੇਵਾ ਲਿਵ ਲਾਈਐ ।

ਫਿਰ ਕਿਥੋਂ ਸੰਤਾਂ ਦੀ ਨਜ਼ਰ ਨਾਲ ਆਪਸ ਵਿਚ ਦਰਸ਼ਨ ਹੋਣੇ ਨੇ ਅਤੇ ਸਰਧਾ, ਪ੍ਰੇਮਾ ਭਗਤੀ ਸੇਵਾ ਵਿਚ ਕਦ ਬ੍ਰਿਤੀ ਲਾਈ ਜਾਣੀ ਹੈ ॥

---

*ਪਰਦੱਖਣਾਂ ਬਾਬੇ ਮਤ ਵਿਚ ਦੋ ਤਰਾਂ ਦੀ ਹੈ ਪਰ ਜੋ ਨਿਹੰਗ ਸਿੰਘ ਪ੍ਰਥੀ ਪਰਦੱਖਣਾਂ ਕਰਦੇ ਹਨ ਜੋ ਇਸ ਦਾ ਨਿਰਨਾ ਅਜੇ ਤਕ ਨਹੀਂ ਹੋਇਆ ਉਨ੍ਹਾਂ ਪਾਸੋਂ ਪੁਛਿਆਂ ਜਾਂਦਾ ਹੈ ਕਿ ਅਸੀਂ ਸ੍ਰੀ ਸਾਹਿਬ ਦੀ ਵੀ ਨਾਲ ਹੀ ਪਰਦੱਖਣਾਂ ਕਰਦੇ ਹਾਂ ॥

ਕਤ ਪੁਨ ਰਾਗ ਨਾਦ ਬਾਦੇ ਹੈ ਸੰਗੀਤ ਗੀਤ
ਸ੍ਰੀ ਗੁਰ ਸਬਦ ਧੁਨਿ ਸੁਨ ਪੁਨ ਗਾਈਐ ।

ਕਿਤੇ ਫਿਰ ਵਾਜਿਆਂ ਦੇ ਅਵਾਜ ਸੰਗੀਤ ਰੀਤੀ ਅਨੁਸਾਰ ਵਡੇ ਵਡੇ ਸੋਹਣੇ ਰਾਗਾਂ ਵਿਚ ਸੁਭਾਇਮਾਨ ਗੁਰਾਂ ਦੇ ਸਬਦ ਦੀ ਧੁਨੀ ਉਚਾਰਨ ਹੁੰਦੀ ਸੁਣੀ ਜਾਂਦੀ ਹੈ ਅਤੇ ਕਿਤੇ ਫਿਰ ਆਪ ਗਾਈ ਜਾਂਦੀ ਹੈ ।

ਕਤ ਪੁਨ ਕਰ ਕਿਰਤਾਸ ਲੇਖ ਮਸਵਾਨੀ
ਸ੍ਰੀ ਗੁਰ ਸਬਦ ਲਿਖ ਨਿਜਪਦੁ ਪਾਈਐ ॥੫੦੦

(ਕਰ) ਹੱਥ । (ਕਿਰਤਾਸ) ਕਾਗਤ । (ਮਸਵਾਨੀ) ਸਿਆਹੀ ।

ਫਿਰ ਕਿਤੇ ਹਥਾਂ ਨਾਲ ਸੁਭਾਇਮਾਨ ਗੁਰਾਂ ਦੇ ਸਬਦਾਂ ਨੂੰ (ਲੇਖਨ) ਕਲਮ ਦਵਾਤ ਲੈਕੇ ਕਾਗਤ ਤੇ ਲਿਖਣਾ ਮਿਲਦਾ ਹੈ ਅਤੇ ਇਸਦੇ ਪ੍ਰਤਾਪ ਕਰਕੇ ਫਿਰ ਆਪਣਾ ਮਰਤਬਾ ਪਾਯਾ ਜਾਂਦਾ ਹੈ ਭਾਵ ਗੁਰਾਂ ਦੀ ਬਾਣੀ ਲਿਖਣੀ ਭੀ ਵਡੇ ਉਤਮ ਕਰਮ ਹਨ ॥ ੫੦੦ ॥

ਸਾਧ ਸੰਗਤ ਵਿਚ ਮਿਲਕੇ ਨੀਚ ਇਕੁਰ ਉਤਮ ਹੋ ਜਾਂਦੇ ਹਨ ।

ਜੈਸੇ ਤੌ ਪਲਾਸ ਪਤ੍ਰ ਨਾਗਬੇਲ ਮੇਲ ਭਏ
ਪਹੁਚਤ ਕਰ ਨਰਪਤਿ ਜਗ ਜਾਨੀਐ ।

(ਨਰਪਤਿ) ਰਾਜਾ । ਜਿਕੁਰ ਢਾਕਦੇ ਦੇ ਪਤੇ ਪਾਨਾਂ ਦੇ ਪਤਿਆਂ ਨਾਲ ਮਿਲਕੇ ਰਾਜੇ ਪਾਸ ਪਹੁੰਚ ਜਾਂਦੇ ਹਨ । ਇਕੁਰ ਜਗ ਜਾਣਦਾ ਹੈ ॥

ਜੈਸੇ ਤੌ ਕੁਚੀਲ ਨੀਲ ਬਰਨ ਬਰਨ ਬਿਖੈ
ਹੀਰ ਚੀਰ ਮੈਂ ਗਾ ਨਿਰਦੋਖ ਉਨਮਾਨੀਐ ।

ਜਿਕੁਰ ਨੀਲਾ ਰੰਗ ਰੰਗਾਂ ਵਿਚ ਮੈਲਾ ਹੁੰਦਾ ਹੈ ਪਰ ਹੀਰੇ, ਪਟੰਬਰ ਨਾਲ ਲਗਾਕੇ ਦੇਖਾਂ ਤੋਂ ਬਿਨਾ ਵਿਚਾਰੀ ਦਾ ਹੈ ਭਾਵ ਕਪੜੇ ਨਾਲ ਲਗਾਕੇ ਉਤਮ ਹੋ ਜਾਂਦਾ ਹੈ ॥

ਸਾਲਗ੍ਰਾਮ ਸੇਵਾ ਸਮੈ ਮਹਾ ਅਪਵਿਤ੍ਰ ਸੰਖ
ਪਰਮ ਪਵਿਤ੍ਰ ਜਗ ਭੋਗ ਬਿਖੈ ਆਨੀਐ ।

ਜਿਕੁਰ ਸੰਖ ਬਾਹਰੋਂ ਮੈਲਾ ਹੈ ਪਰ ਠਾਕਰਾਂ ਦੀ ਪੂਜਾ ਦੇ ਵੇਲੇ ਸਭ ਸੰਤਾਂ ਦੇ ਭੋਗ ਲੈਣ ਵਲੋਂ ਵਡਾ ਹੋਇਆ ਲਿਆਂਵਦੇ (ਮੰਨੀ ਦਾ ਹੈ) ਭਾਵ ਚੰਗਾ ਜਾਣੀਦਾ ਹੈ ।

ਤੈਸੇ ਹਮ *ਕਾਗ ਸਾਧ ਸੰਗਤ ਮਰਾਲ ਮਾਲ

ਮਾਰ ਨ ਉਡਾਵਤ ਚੁਗਾਵਤ ਹੀਰਾ ਬਾਨੀਐ॥੫੦੭॥

ਤਿਵੇਂ ਹੀ ਮੈਂ ਕਾਂ ਵਾਂਗੂੰ ਹਾਂ ਅਤੇ ਸਾਧ ਸੰਗਤ ਹੰਸਾਂ ਦੀ ਡਾਰ ਵਾਂਗੂੰ ਹੈ (ਇਸ ਕਰਕੇ ਮੈਂ ਜਾਣਦਾ ਹਾਂ ਕਿ ਭਾਵੇਂ ਮੈਂ ਕਾਂ ਆਕਰ ਗੰਦਾ ਹੀ ਚੁੱਕਾਂਗਾ) ਪਰ ਫਿਰ ਵੀ ਮੈਨੂੰ ਹੀਰਾਂ ਦੀ ਬਾਣੀ ਪੜ੍ਹਦਿਆਂ ਹੋਇਆਂ (ਸਾਧ ਸੰਗਤ ਵਿਚੋਂ) ਮਾਰਕੇ ਨਹੀਂ ਉਡੌਂਦੇ॥ ੫੦੭॥

ਉਪ੍ਰੋਕਤ ਸ਼ਬਦ ਪੜਨ ਵਾਲਾ ਗੁਣਾਂ ਤੋਂ ਵਿਛੜਕੇ ਇਉਂ ਦੁਖ ਪੌਂਦਾ ਹੈ।

ਜੈਸੇ ਜਲ ਮਧ ਮੀਨ ਮਹਿਮਾ ਨ ਜਾਨੈ ਪੁਨ

ਜਲ ਬਿਨ ਤਲਫ ਤਲਫ ਮਰ ਜਾਤ ਹੈ।

ਜਿਵੇਂ ਪਾਣੀ ਵਿਚ (ਮੀਨ) ਮੱਛੀ ਰਹਿਕੇ ਕਦਰ ਨਹੀਂ ਜਾਣਦੀ ਅਤੇ ਫਿਰ ਜਦ ਪਿਆਰੇ ਪਾਣੀ ਤੋਂ ਵਿਛੜ ਜਾਵੇ ਤਾਂ ਤੜਫ ਤੜਫ ਕੇ ਮਰ ਜਾਂਦੀ ਹੈ।

ਜੈਸੇ ਬਨ ਬਸਤ ਮਹਾਤਮੈ ਨ ਜਾਨੈ ਪੁਨ

ਪਰ ਬਸ ਭਏ ਖਗ ਮ੍ਰਿਗ ਅਕੁਲਾਤ ਹੈ।

ਜਿਵੇਂ ਪੰਛੀ ਹਰਨ ਜੰਗਲ ਵਿਚ ਰਹਿਕੇ (ਜੰਗਲ ਦੀ) ਕਦਰ ਨਹੀਂ ਜਾਣਦੇ ਅਤੇ ਫਿਰ ਜਿਸ ਵੇਲੇ ਪਰਾਏ (ਸ਼ਿਕਾਰੀ) ਦੇ ਵਸ ਹੋ ਜਾਣ ਤਾਂ ਕਾਹਲੇ ਪੈਂਦੇ ਹਨ (ਦੁਖੀ ਹੁੰਦੇ ਹਨ)॥

ਜੈਸੇ ਪ੍ਰਿਅ ਸੰਗਮ ਕੋ ਸੁਖ ਹੈ ਨ ਜਾਨੈ ਤ੍ਰਿਆ

ਬਿਛੁਰਤ ਬਿਰਹ ਬਿਥਾ ਕੈ ਬਿਲਲਾਤ ਹੈ।

ਜਿਵੇਂ ਇਸਤ੍ਰੀ ਪਤੀ ਦੇ ਨਾਲ ਰਹਿਕੇ ਸੁਖ (ਦਾ ਕਦਰ) ਨਹੀਂ ਜਾਣਦੀ ਪਰ ਜਦ ਪਤੀ ਦਾ ਵਿਛੋੜਾ ਹੁੰਦਾ ਹੈ ਤੇ ਤਦ ਪ੍ਰੇਮ (ਵਿਛੋੜੇ) ਦੀ ਪੀੜ ਕਰਕੇ ਰੋਂਦੀ ਹੈ॥

ਤੈਸੇ ਗੁਰ ਚਰਨ ਸਰਨ ਆਤਮਾ ਅਚੇਤ

---

* ਭਾਈ ਸਾਹਿਬ ਜੀ ਆਪਣੇ ਵਲੋਂ ਹੋਰ ਸਿਖਾਂ ਰਾਗੀਆਂ ਹਾਰੀਆਂ ਨੂੰ ਨਿਮ੍ਰਤਾ ਦਸਦੇ ਹਨ ਅਤੇ ਨਾਲ ਹੀ ਸਾਧ ਸੰਗਤ ਦਾ ਪ੍ਰਤਾਪ ਦਸਦੇ ਹਨ। ਪਰ ਕਈ ਲੋਕ ਐਵੇਂ ਬਾਣੀ ਪੜਦਿਆਂ ਨੂੰ ਮਖੌਲ ਕਰਦੇ ਹਨ। ਕਿਉਂਕਿ ਜਗਤ ਨੂੰ ਤੇਰਾ ਆਦਰ ਕਰਨਾ ਚੰਗੇ ਲੋਕਾਂ ਦਾ ਹੱਕ ਹੋ ਜਾਂਦਾ॥

ਅੰਤਰ ਪਰਤ ਸਿਮਰਤ ਪਛੁਤਾਤ ਹੈ ॥ ੫੦੨ ॥

ਸਿਕੁਰ ਹੀ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਜਾਂ ਮਨ (ਸਿਖ) ਬੇਗਮਤ ਹੋਕੇ ਰਹਿੰਦਾ ਹੈ ਪਰ ਜਦ ਕਿਧਰੇ (ਮੇਰੇ ਵਾਹੁਰ ਕਾਬਲੋਂ ਵਿਛੜਨਾਂ ਯਾ ਗੁਰ ਜੀ ਸਰੀ ਪਾਤਸ਼ਾਹੀ ਦਾ ਵਿਛੋੜਾ ਦੇਣੋ ਜਾਸਰਕੀ ਆਦਕ ਜਾਂ ਨੁਕਤਾਂ) ਫਰਕ ਪੈ ਜਾਵੇ ਤੇ (ਉਸ ਪੂਰਬੋਕਤਿ ਸੁਖ ਨੂੰ) ਯਾਦ ਕਰਕੇ ਪਛੋਤੋਂ ਦਾ ਹੈ ॥ ੫੦੨ ॥

ਹਿਤਵਲੀਆਂ, ਬਨਤੀਆਂ ॥

ਭਗਤ ਵਛਲ ਸੁਨ ਹੋਤ ਹੌਂ ਨਿਰਾਸ ਰਿਦੈ
ਪਤਿਤ ਪਾਵਨ ਸੁਨ ਆਸਾ ਉਰਧਾਰ ਹੌਂ।

ਮੈਂ ਵਾਹਿਗੁਰੂ ਨੂੰ ਭਗਤਾਂ ਦਾ ਪਿਆਰਾ ਸੁਣਕੇ ਰਿਦੇ ਵਿਚ ਉਦਾਸ ਹੁੰਦਾ ਹਾਂ ਅਤੇ ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਸੁਣਕੇ ਆਸ਼ਾ ਦਿਲ ਵਿਚ ਧਾਰਦਾ ਹਾਂ ਕਿ (ਮੈਨੂੰ ਵੀ ਪਾਰ ਕਰ ਲੈਣਗੇ) ਭਾਵ ਮੈਂ ਪਿਆਰਿਆਂ ਭਗਤਾਂ ਵਿਚੋਂ ਨਹੀਂ ਪਾਪੀਆਂ ਵਿਚੋਂ ਹਾਂ॥

ਅੰਤਰਜਾਮੀ ਸੁਨ ਕੰਪਤ ਹੌਂ ਅੰਤਰਗਤ
ਦੀਨ ਕੇ ਦਇਆਲ ਸੁਨ ਭੈ ਭਰਮ ਟਾਰ ਹੌਂ।

ਦਿਲਦੀ ਜਾਨਣ ਵਾਲਾ ਸੁਣਕੇ (ਮੈਂ ਆਪਣੇ) ਦਿਲ ਅੰਦਰ (ਕੀਤੇ ਮਾੜੇ ਕੰਮ ਯਾਦ ਕਰਕੇ) ਕੰਬਦਾ ਹਾਂ ਅਤੇ ਗਰੀਬਾਂ ਉਪਰ ਦਇਆ ਦਾ ਘਰ ਹੋਣ ਵਾਲਾ ਸੁਣਕੇ ਡਰ ਭਰਮ ਨੂੰ ਦੂਰ ਕਰਦਾ ਹਾਂ।

ਜਲਧਰ ਸੰਗਮ ਕੈ ਅਫਲ ਸੈਂਬਲ ਦ੍ਰੁਮ
ਚੰਦਨ ਸੁਗੰਧਿ ਸਨਬੰਧ ਮਲਗਾਰ ਹੌਂ।

(ਜਲਧਰ) ਬੱਦਲ। (ਦ੍ਰੁਮ) ਬ੍ਰਿਛ।

ਬੱਦਲ ਦੇ ਵਰਨ ਨਾਲ ਸਿੰਮਲ ਰੁਖ ਫਲ ਤੋਂ ਬਿਨਾ ਰਹਿੰਦਾ ਹੈ ਅਤੇ ਚੰਦਨ ਦੀ ਸੁਗੰਧੀ ਦੇ ਮੇਲ ਕਰਕੇ ਓਹੋ ਹੀ ਸਿੰਮਲ ਰੂਪ ਚੰਦਨ ਬਾਸ਼ਕ ਸ਼ੁਗੰਧੀ ਦੀ ਦੇਣ ਵਾਲਾ ਹੋ ਜਾਂਦਾ ਹੈ।

ਆਪਨੀ ਕਰਨੀ ਕਰ ਨਰਕ (ਹੂੰ) ਨ ਪਾਵੌਂ ਠੌਰ
ਤੁਮਰੇ ਬਿਰਦ ਕਰ ਆਸਰੋ ਸਮਾਰ ਹੌਂ ॥ ੫੦੩॥

ਆਪਣੀ ਕਮਾਈ ਕਰਕੇ ਤੇ ਮੈਂ ਨਰਕ ਵਿਚ ਵੀ ਥਾਂ ਨਹੀਂ ਪੈਂਦਾ ਪਰ ਆਪਦੇ (ਬਿਰਦ) ਧਰਮ ਦਾ ਆਸਰਾ ਸੰਭਾਲਦਾ ਹਾਂ। ਭਾਵ ਮੈਨੂੰ ਪਾਪੀ ਨੂੰ ਵੀ

ਅਾਂਹ ਦਰ ਦਿਓ ॥ ੫੦੩ ॥

ਫਿਰ ਬੇਨਤੀ ॥ ਕਿ ਗੁਣ ਕਰਨ ਨਾਲ ਤਾਂ ਸਭ ਗੁਣ ਕਰਦੇ ਹਨ ਪਰ ਔਗਣ ਕਰਨ ਵਾਲਿਆਂ ਨਾਲ ਗੁਣ ਆਪਹੀ ਕਰਦੇ ਹੋ। ਇਸ ਲਈ ਆਪ ਦੇ ਏਹ ਨਾਮ ਪਏ ਹਨ ॥

ਜੌ ਪੈ ਹਮ ਅਧਮ ਕਰੰਮ ਕੈ ਪਤਿਤ ਭਏ

ਪਤਿਤ ਪਾਵਨ ਪ੍ਰਭੁ ਨਾਮ ਪ੍ਰਗਟਾਯੋ ਹੈ ।

ਜੇਕਰ ਅਸੀ ਪਾਪੀਆਂ ਵਾਲੇ ਕੰਮ ਕਰਕੇ ਪਾਪੀ ਹੋਇ ਹਾਂ ਤੇ ਤੁਸਾਂ ਭੀ ਆਪਦਾ ਪਾਪੀਆਂ ਨੂੰ (ਪਾਵਨ) ਪਵਿਤ੍ਰ ਕਰਨ ਵਾਲਾ ਨਾਮ ਮਸ਼ਹੂਰ ਕੀਤਾ ਹੈ

ਜਉ ਪੈ ਹਮ ਨ ਪਾਪ ਕਰੰਤਾ ਅਹਿ ਅਨੰਤਾ । ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ (ਰਵਿਦਾਸ ਜੀ ਸਿਰੀ ਰਾਗ)

ਜੌ ਭਏ ਦੁਖਤ ਅਰੁ ਦੀਨ ਪਰਾਧੀਨ ਲਗ

ਦੀਨ ਦੁਖ ਭੰਜਨ ਬਿਰਦ ਬਿਰਦਾਯੋ ਹੈ ।

ਜੇਕਰ ਅਸੀਂ ਪਹਿਲੇ ਤੋਂ ਹੀ ਪਾਪਾਂ ਵਿਚ ਲਗਕੇ ਦੁਖੀ ਅਤੇ ਗਰੀਬ ਹੋਇ ਹਾਂ ਤੇ ਗਰੀਬਤਾ ਦੁਖਾਂ ਨੂੰ ਭੰਨਣ ਵਾਲਾ ਆਪਦਾ ਹੀ ਧਰਮ ਪ੍ਰਗਟ ਹੋਇਆ ਹੈ ॥

***ਜੌ ਗ੍ਰਸੇ ਅਰਕ ਸੁਤ ਨਰਕ ਨਿਵਾਸੀ ਭਏ**

ਨਰਕ ਨਿਵਾਰਨ ਜਗਤ ਜਸ ਗਾਯੋ ਹੈ ।

ਜੇਕਰ (ਅਸੀ) (ਅਰਕ ਸੁਤ) ਸੂਰਜ ਦੇ ਪੁਤ੍ਰ (ਧਰਮਰਾਜਾ) ਦੇ ਫੜੇ ਹੋਏ ਨਰਕਾਂ ਵਿਚ ਪੈਣ ਵਾਲੇ ਹੋ ਗਏ ਤਾਂ ਨਰਕਾਂ ਦੇ ਹਟਾਵਣ ਵਾਲਾ ਜਗਤ (ਆਪਦਾ ਹੀ ਨਾਮ ਲੈਕੇ) ਜਸ ਗੌਂਦਾ ਹੈ (ਵਾ ਗਾਇਆ ਹੈ)

ਗੁਨ ਕੀਏ ਗੁਨ ਸਭ ਕੋਊ ਕਰੈ ਕ੍ਰਿਪਾ ਨਿਧਾਨ

ਅਵਗੁਨ ਕੀਏ ਗੁਨ ਤੋਹੀ ਬਨ ਆਯੋ ਹੈ ॥ ੫੦੪ ॥

ਹੇ ਵਾਹਿਗੁਰੂ (ਕਿਰਪਾ ਦੇ ਖਜ਼ਾਨੇ) ਉਪਕਾਰ ਕਰਨ ਨਾਲ ਤਾਂ ਸਾਰੇ

---

* ਏਨਾਂ ਸਾਰਿਆਂ ਕਬਿਤਾਂ ਵਿਚ ਸਿਖ ਆਪਣੀ ਨਿੰਮ੍ਰਤਾ ਦਸੀ ਜਾਂਦੇ ਹਨ ਅਤੇ ਵਾਹਿਗੁਰੂ ਦਾ ਜਸ ਅਤੇ ਨਾਮ ਪ੍ਰਗਟ ਕਰੀ ਜਾਂਦੇ ਹਨ ਅਤੇ ਸਿਖਾਂ ਵਾਸਤੇ ਨਿੰਮ੍ਰਤਾ ਦੀ ਪਟੜੀ ਕੈਨ੍ਹੀ ਜਾਂਦੇ ਹਨ ਕਿ ਸਾਰਿਆਂ ਨੂੰ ਇਵੇਂ ਹੀ ਪ੍ਰੇਮ ਨਾਲ ਮੇਰੇ ਠਾਕੁਰ ਕਹਿਣਾ ਚਾਹੀਏ ॥

ਹੀ ਉਪਕਾਰ ਕਰਦੇ ਹਨ ਅਤੇ ਜਿਹਾ ਕੰਮ ਸਵਾਰੀਏ ਉਹ ਭੀ ਅਤੇ ਸਵਾਰਦਾ ਹੈ (ਹਨੂਮਾਨ ਨਾਟਕ ਵਿਚੋਂ।) ਉਪਕਾਰ ਕਰਨ ਦੂਖ ਹਰਨ ਕਰ ਅਖਿਲੇ ਕਰਤ ਵਿਚਾਰ। ਤਾ ਪਾਛ ਉਪਕਾਰ ਨਾ ਸਜਨ ਪ੍ਰਤਿ ਉਪਕਾਰ।

ਪਰ ਜੇਹੜਾ ਕਿਸੇ ਨਾਲ ਵੈਰ ਕਰੇ ਤੇ ਉਸ ਅਤੇ ਬੁਰਾ ਕਰੇ ਏਹੁ ਬੁਰਾ ਆਪ ਵਿਚ ਹੀ ਚਲ ਜਾਂਦਾ ਹੈ ॥ ੫੦੩॥

ਹਰਾਮ ਦਾ ਪੈਸਾ ਵਿਰੁਧ ਦੁਖਦਾਈ ਹੈ ॥

ਜੈਸੇ ਤੌ ਅਰੋਗ ਭੋਗ ਭੋਗਵੈ ਨਾਨਾ ਪ੍ਰਕਾਰ
ਬ੍ਰਿਥਾਵੰਤ ਖਾਨ ਪਾਨ ਰਿਦੈ ਨਾ ਹਿਤਾਵਈ।

ਜਿਵੇਂ ਸੁਖੀਆ ਕਈ ਤਰਾਂ ਦੇ ਖਾਣਿਆਂ ਨੂੰ ਖਾਂਦਾ ਹੈ (ਜੋ ਸਭ ਉਸਨੂੰ ਚੰਗੇ ਲਗਦੇ ਹਨ) ਪਰ ਪੀੜਾ ਵਾਲੇ ਆਦਮੀ ਨੂੰ ਕੋਈ ਵੀ ਖਾਣਾ ਪੀਣਾ ਹਿਰਦੇ ਵਿਚ ਚੰਗਾ ਨਹੀਂ ਲਗਦਾ ॥

ਜੈਸੇ ਮਹਿਖੀ ਸਹਨਸੀਲ ਕੈ ਧੀਰਜ ਧੁਜਾ
ਅਜਿਆ ਮੈ ਤਨਕ ਖਲੋਲੈ ਨ ਸਮਾਵਈ।

(ਅਜਿਆ) ਬਕਰੀ। ਜਿਵੇਂ ਮਹੀਂ ਸਹਨ ਸੁਭਾ, ਸਹਾਰਨ ਵਾਲੀ ਧੀਰਜ ਦੀ ਧੁਜਾ (ਅਡੋਲ) ਹੁੰਦੀ ਹੈ। ਅਤੇ ਬਕਰੀ ਦੇ ਕਲੇਜੇ ਵਿਚ (ਤਨਕ) ਥੋੜਾ ਜਿਹਾ ਭੀ ਧੀਰਜ ਨਹੀਂ ਸਮਾ ਸਕਦਾ। ਭਾਵ ਥੋੜਾ ਜਿਹਾ ਡਰਦੀ ਅਤੇ ਵਿਚ ਬਹਿ ਜਾਂਦੀ ਹੈ ॥

ਜੈਸੇ ਜੌਹਰੀ ਬਿਸਾਹੈ ਦੇਖੈ ਹੀਰਾ ਮਾਨਕਾਦਿ
ਰੰਕ ਪੈ ਨ ਰਾਖਨੋ ਪਰੈ ਲੇਨੋ ਨ ਸੁਹਾਵਈ।

ਜਿਵੇਂ ਜੌਹਰੀ ਹੀਰੇ ਮਾਣਕ ਆਦਿਕਾਂ ਨੂੰ (ਬਿਸਾਹੈ) ਖਰੀਦਦਾ ਅਤੇ ਵੇਖਦਾ ਹੈ ਪਰ (ਰੰਕ) ਕੰਗਾਲ ਪਾਸੋਂ (ਹੀਰੇ ਆਦਿਕ) ਰਖੇ ਹੋਏ ਨਹੀਂ ਰਖੇ ਜਾਂਦੇ ਅਤੇ ਜੇ ਕੋਈ ਉਹ ਉਨ੍ਹਾਂ ਦੇ (ਲੈਣ) ਲਈ ਵਿਚ ਤੇ (ਸੁਹਾਵਈ) ਲੋਕ ਦੇ ਲੋਕ (ਹਿਸਾਬ) ਕਰਨ ਲਗਦਾ ਹੈ ॥

ਤੈਸੇ ਗੁਰ ਚਰਨ ਪਵਿਤ੍ਰ ਹੈ ਪੂਜਾ ਪ੍ਰਸਾਦ
ਅਪਚ ਅਪਾਰਗੈ ਦੁਸਹ ਦੁਖ ਪਾਵਈ ॥ ੫੦੪ ॥

ਤਿਵੇਂ ਹੀ ਜੇਹੜਾ ਸਿਖ ਗੁਰਮੁਖ ਪ੍ਰਕਾਰ ਕਰਦਾ ਹੈ ਅਤੇ ਤਨਕ ਵੀ ਮਨ ਵਿਚ ਇਕ ਭਾਵ ਦਾ ਹੋਇਆ ਮਨਮੁਖ ਆਪ ਨੂੰ ਪੂਜਾ ਕਰਾਵਣ ਦੀ ਇੱਛਾ ਕਰਕੇ ਹੈ ਪਰ ਸਰੀਰ ਦੇ ਵਿਚ ਪ੍ਰਸਾਦ ਪਦਾਰਥ ਨੂੰ ਹਜ਼ਮ ਕਰਦਾ ਹੈ ਉਹ

ਜੋ ਪੂਜਾ ਦਾ ਪ੍ਰਸ਼ਾਦ ਧਰਮ ਤੋਂ ਅਤੇ ਸੰਗਤਾਂ ਤੋਂ ਲੈਕੇ ਵੀ [illegible] ਨਹੀਂ ਕਰਦਾ। (ਭਾਵ ਧਰਮ ਦੀ ਸੇਵਾ ਨਹੀਂ ਕਰਦਾ) ਉਸ ਨੂੰ ਪੂਜਾ ਨਹੀਂ ਪਚਦੀ ਜਹਿਰ ਦਾ [illegible] [illegible] ਸ੍ਰੀ ਮੁਖਵਾਕ [illegible] ਪੂਜਾ ਲੈਂਦੇ ਹਨ [illegible] ਪਰਲੋਕ ਨੇਸ਼ ਕਰ ਲੈਂਦੇ ਹਨ ਅਤੇ [illegible] ਦੁਖ ਦੇਂਦੇ ਹਨ [illegible] ਵਾਰ ੩੫, ਪੌੜੀ ੧੨, ੧੪, ੧੫, ਵੇਖੋ ॥

ਪੂਜਾ ਦਾ ਅੰਨ [illegible] (ਗੁਰਮਤ ਦੇ ਪ੍ਰਚਾਰ ਤੋਂ [illegible] ਹੋਏ ਜੋ ਰਹਿਣਾ ਹੋ) ਪੂੰਜੀ ਨੂੰ ਇਉਂ ਨਾਸ ਕਰਦਾ ਹੈ ॥

ਜੈਸੇ ਬਿਖੁ ਤਨਕ ਹੀ ਖਾਤ ਮਰਜਾਤ ਤਾਤ
ਗਾਤ ਮੁਰਝਾਤ ਪ੍ਰਤਿਪਾਲੀ ਬਰਖਾਨ ਕੀ ।

(ਤਨਕ) ਥੋੜਾ [illegible] (ਤਾਤ) [illegible] (ਗਾਤ) ਸਰੀਰ । [illegible] ਵਰ੍ਹਿਆਂ ਦੀ [illegible] ਇਉਂ ਆਪ ਕਾਲ [illegible] ਮੁਰਝਾ ਜਾਂਦੇ ਹੈ ॥

ਸਹਿਬੀ ਦੁਹਾਇ ਦੂਧ ਰਾਖੀਐ ਜੋ ਜਤਨ ਕਰਿ
ਪਰਤ ਕਾਂਜੀ ਕੀ ਬੂੰਦ ਜਾਇ ਨ ਲਖਾਨ ਕੀ ।

ਜਿਵੇਂ ਸਹੀ [illegible] ਦੁਧ [illegible] ਵਿਚ [illegible] ਰਖੀਏ ਤੇ [illegible] ਇਕ ਬਿੰਦ ਕਾਂਜੀ (ਖਟਾਈ) ਦੀ ਪੈ ਜਾਵੇ ਤਾਂ ਉਸ ਦੇ [illegible] ਦੀ ਕਿਧਰੇ ਵੀ ਨਹੀਂ ਰਹਿ ਸਕਦੀ ॥

ਜੈਸੇ ਕੋਟ ਭਾਰ ਤੂਲ ਚਿਨਗ ਚਿਨਕ ਪਰੇ
ਹੋਤ ਭਸਮਾਤ ਛਿਨ ਮੈ ਅਗਨਿ ਪ੍ਰਗਾਸ ਕੀ ।

ਜਿਵੇਂ ਰੂੰ ਦਾ ਮਣ [illegible] ਚਿਣਗ [illegible] ਜਿਹੀ [illegible] ਅੱਗ ਦੇ [illegible] ਨਾਲ [illegible] ਛਿਨ [illegible] ਹੋ ਜਾਂਦਾ ਹੈ ।

ਪ੍ਰਮਾਣ [illegible] ਕਨੀ [illegible] ਵਾਰ ੩੫, ਪੌੜੀ [illegible]

ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ
ਹਰੈ ਨਿਧਿ ਸੁਕ੍ਰਿਤ ਸਹਜ ਗਰਿਆਨ ਕੀ ॥੫੦੬॥

ਇਵੇਂ ਹੀ ਪਰਾਇਆ ਧਨ [illegible] ਵਿਕਾਰ [illegible] ਨਾਲ [illegible] ਦੂਖਨ ਵਿਕਾਰਨ [illegible]

[illegible] ਵਾਰ ੩੫, ਪੌੜੀ ੧੪ [illegible]

ਫੁਲ ਨਾਮ ਅਤੇ ਅਨੇਕ ਨਾਮ ਹੋ ਜਾਂਦੇ ਹਨ ॥ ਵਾਰ ੧੪ ਪੌੜੀ ੧੭, ੧੪, ੧੫ ਤੁਕ ਸਾਰੀ ॥ ੫੦੪ ॥

ਘਰ ਧਨ ਘਰ ਦਾਰਾ ਘਰ ਹਰੀ । ਤਾਂਕੈ ਨਿਕਟਿ ਬਸੈ ਨਾਗਾਰੀ ॥

(ਨਾਮਦੇਵ ਜੀ ਭੈਰਉ)

ਫਿਰ ਭਾਈ ਸਾਹਿਬ ਜੀ ਆਪਣੇ ਉਪਰ ਵਿਰਤਾਂਤ ਘਟਾਕੇ ਸਿਖ ਨੂੰ ਉਪ ਦੇਸ ਦੀ ਰਚਨਾ ਅਤੇ ਖਾਸ ਕਰਕੇ ਜਾਲਿਆਂ ਨੂੰ ਅਦਬ ਨ ਜਾਣਦੀ ਅਤੇ ਦੂਰ ਦੇ ਸਿਖ ਸਰਧਾ ਕਰਕੇ ਨਿਕਟ ਕਰ ਜਾਣੇ ਦਸਦੇ ਹਨ।

ਚੰਦਨ ਸਮੀਪ ਬਸ ਮਹਿਮਾ ਨ ਜਾਨੀ ਤਾਸ

ਆਨ ਦ੍ਰੁਮ ਦੂਰਿ ਭਏ ਬਾਸਨਾ ਕੈ ਬੇਧੇ ਹੈ।

ਚੰਦਨ ਦੇ ਪਾਸ ਰਹਿਕੇ ਬਾਂਸ ਨੇ (ਚੰਦਨ ਦੀ) ਮਹਿਮਾ ਨ ਜਾਣੀ ਅਤੇ ਹੋਰ ਬ੍ਰਿਛ ਦੂਰੋਂ ਆਣਕੇ ਆਪ ਵਾਸਨਾ ਵਾਲੇ ਹੋਕੇ ਅਗੋਂ ਵਾਸਨਾ ਵਾਲੇ ਕਰਨ ਵਾਲੇ ਹੋ ਜਾਂਦੇ ॥ ਵਾਰ ੬੭ ਪੌੜੀ ੧੨, ੬੬ ॥

ਦਾਦਰ ਸਰੋਵਰ ਮੈ ਜਾਨੀ ਨ ਕਮਲਗਤਿ

ਮਧੁਕਰ ਮਨ ਮਕਰੰਦ ਕੈ ਬਿਮੋਹੇ ਹੈ।

(ਦਾਦਰ ਸਰੋਵਰ) ਡੱਡੂ ਤਲਾਅ । (ਮਧੁਕਰ) ਭੌਰਾ । (ਬਿਮੋਹੇ) ਮੋਹਿਤ ਹੋਏ ॥ ਡੱਡੂ ਨੇ ਤਲਾ ਵਿਚ ਰਹਿਕੇ ਕੌਲ ਫੁਲ ਦੀ ਕੀਮਤ (ਸੁਗੰਧੀ ਵਾਲੀ) ਨਾ ਜਾਣੀ ਅਤੇ ਭੌਰੇ ਦਾ ਮਨ (ਮਕਰੰਦ) ਫੁਲਾਂ ਦੀ ਧੂੜੀ ਤੇ ਮੋਹਿਤ ਹੋ ਗਿਆ ॥

ਸਿਰੋਮਣੀ ਗ੍ਰੰਥਕਾਰ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦਾ ਗੁਰ ਪ੍ਰਤਾਪ ਸੂਰਜ ਦੀ ੫ ਰੁਤ ੨ ਵਿਚ [illegible] ਭਾਈ ਮਰਦਾਨਾ ਜੀ ਦਾ ਵੇਖੋ । [illegible] ਸਿਖ ਬਹੁ [illegible] । [illegible] ਚਰ ਭਾਉ ਸਮ ਤੀਰ । [illegible] ਜਲ ਮਹਿ [illegible] ਫੁਲ ਕਮਲ [illegible] ਭਾਵ ੬੯ ਅੰਕ ੨ ਵੇਖੋ ।

ਤੀਰਥ ਬਸਤ ਬਗ ਮਰਮ ਨ ਜਾਨੈ ਕਛੁ

ਸਿਰਖ ਕੈ ਜਾਤ੍ਰਾ ਹੇਤ ਸਾਧੂ ਜਨ ਸੋਧੇ ਹੈ।

ਤੀਰਥ ਉੱਤੇ ਵਸਦੇ ਹੋਏ ਬਗਲੇ ਨੇ (ਤੀਰਥ ਦਾ) [illegible] ਸਿਖ ਆਦਿ ਦੂਰੋਂ ਸਰਧਾ ਕਰਕੇ ਤੀਰਥਾਂ ਦੀ ਜਾਤ੍ਰਾ [illegible] ਸਾਧੂ (ਜਨ) ਆਤਮੀ ਸ਼ੁਧੀ ਕਰਕੇ ਸੋਧੇ ਹੈ (ਤਿਲਕ [illegible]) [illegible] ਤੀਰਥ [illegible]

ਨਿਕਟਿ ਬਸਤ ਮਮ ਗੁਰਉਪਦੇਸ਼ ਹੀਨ
ਦੂਰੰਤਰ ਸਿਖ ਉਰ ਅੰਤਰ ਲੈ ਪੋਹੇ ਹੈ ॥੫੦੭॥

(ਪੋਹੇ) ਪੋਹਦੇ, ਮਿਲਦੇ। ਤਿਵੇਂ ਹੀ ਪਾਸ ਵਸਦੇ ਹੋਏ ਭੀ ਜਿਹੜੇ (ਸਿਖ) ਗੁਰ ਉਪਦੇਸ਼ ਤੋਂ ਰਹਿਤ ਹੁੰਦੇ ਹਨ ਅਤੇ ਦੂਰ ਰਹਿਣ ਵਾਲੇ ਸਿਖ (ਜਿਨ੍ਹਾਂ ਦਾ ਬਾਹਲਾ ਫਾਸਲਾ ਗੁਰੂ ਦੀਆਂ ਚਰਨਾਂ ਵਿਚ ਦੂਰ ਪਿਆ (ਜਿਸ ਵਿਚ ਹੋਂਦੇ ਸੀ) ਓਹੋ ਹਨ ਉਹ (ਗੁਰ ਉਪਦੇਸ਼ ਨੂੰ) ਹਿਰਦੇ ਵਿਚ (ਮਾਨੋ ਵਾਸਤ) ਮਨ ਲੈਂਦੇ ਹਨ ॥ ਅੱਗਲੇ ਮੈਂ ਕਹਿ ਆਇਆ ਹਾਂ ਕਿ ਗੁਰਮੁਖ ਕਥਨੀ ਦੇਨੀ ਕਰਦੇ ਨ ਦਿਆ ਨੂੰ ਵੇਖੋ ॥੫੦੭॥

ਪੁਗੀ ਭੀ ਆਦਤਾਂ ਦਾ ਹਾਲ ਕਿ ਨੀਚ ਪਣੇ ਨੂੰ ਛਡਕੇ ਉਚਤਾਈ ਵਲ ਨਹੀਂ ਔਂਦੇ

ਜੈਸੇ ਪਰ ਦਾਰਾ ਕੌ ਦਰਸ ਦ੍ਰਿਗ ਦੇਖਓ ਚਾਹੈ
ਤੈਸੇ ਗੁਰ ਦਰਸਨ ਦੇਖੈ ਨ ਚਾਹਿ ਕੈ ।

(ਪਰਦਾਰਾ) ਪਰਾਈ ਇਸਤ੍ਰੀ। (ਦ੍ਰਿਗ) ਨੇਤ੍ਰ। ਜਿਵੇਂ ਪਰਾਈ ਇਸਤ੍ਰੀ ਦੇ ਦਰਸ਼ਨ ਨੂੰ ਨੇਤ੍ਰਾਂ ਨਾਲ ਵੇਖਿਆ ਚਾਹੁੰਦਾ ਹੈ ਤਿਵੇਂ ਗੁਰਾਂ ਦੇ ਦਰਸ਼ਨ ਨੂੰ ਚਾਹ ਕਰਕੇ ਨਹੀਂ ਵੇਖਦਾ ॥

ਜੈਸੇ ਪਰ ਨਿੰਦਾ ਸੁਨੈ ਸਾਵਧਾਨ ਸੁਰਤਿ ਕੈ
ਤੈਸੇ ਗੁਰ ਸਬਦ ਨ ਸੁਨੈ ਉਤਸਾਹਿ ਕੈ ।

ਜਿਵੇਂ ਪਰਾਈ ਨਿੰਦਿਆ ਨੂੰ ਕੰਨ ਲਾਕੇ ਅਤੇ ਤਕੜਾ ਹੋਕੇ ਸੁਣਦਾ ਹੈ ਤਿਵੇਂ ਗੁਰ ਸਬਦ ਨੂੰ ਖੁਸ਼ੀ ਨਾਲ ਨਹੀਂ ਸੁਣਦਾ ॥

ਜੈਸੇ ਪਰ ਦਰਬ ਹਰੱਨ ਕੌ ਚਲਨ ਧਾਵੈ
ਤੈਸੇ ਕੀਰਤਨ ਸਾਧ ਸੰਗ ਨ ਉਮਾਹਿ ਕੈ ।

ਜਿਵੇਂ ਪਰਾਏ ਧਨ ਦੇ ਚੁਰਾਉਣ ਲਈ ਪੈਰ ਦੌੜਦੇ ਹਨ ਤਿਵੇਂ ਸਾਧ ਸੰਗਤ ਵਿਚ ਕੀਰਤਨ ਸੁਣਨ ਲਈ (ਉਮਾਹਿ) ਉਛਲਕੇ (ਖੁਸ਼ੀ ਨਾਲ) ਨਹੀਂ ਜਾਂਦੇ ॥

ਉਲੂ, ਕਾਕ, ਨਾਗ, ਬਗਲ ਖਾਨ ਪਾਨ ਕੌ ਨ ਜਾਨੈ
ਉਚ ਪਦ ਪਾਵੈ ਨਹੀ ਨੀਚ ਪਦ ਗਾਹਿ ਕੈ ॥੫੦੮

(੧) ਉਲੂ। ਦਿਨ ਨੂੰ ਅੰਨ੍ਹਾ, ਸੂਰਜ ਦੇ ਪ੍ਰਕਾਸ਼ ਦਾ ਵਿਰੋਧੀ ਹੈ।
(੨) ਕਾਕ ਗੰਦੀ ਮੈਲ ਆਦਿਕ ਖਾਂਦਾ ਹੈ, ਸੁਗੰਧੀ ਆਦਿਕ ਦੀ ਕਦਰ ਨਹੀਂ ਆਦਿ

(ਅ) (ਲਾਗੀ) ਸਭ ਉਪਕਾਰੀਆਂ ਨਾਲ ਉਪਕਾਰ ਕਰਨ ਵਾਲਾ ਦੁਧ ਦੀ ਕਦਰ ਨਹੀਂ ਜਾਣਦਾ । (ੲ) ਨਾਗ ਨੂੰ ਕੇਵਲ ਖਾਣ ਪੀਣ ਦਾ ਹੀ ਪਿਆਰ ਹੈ ਉਸਦਾ ਪਾਲਿਆ ਹੋਇਆ ਉਹ ਪਦਾਰਥਾਂ ਨੂੰ ਨਹੀਂ ਜਾਣਦਾ । ਭਾਵ ਏਹ ਉਪਕਾਰੀ ਨੂੰ (ਕਾਫਿਰ) ਲੜਕੇ ਦਾ ਗੁੰਹਦ ਨਾਲ ਗਾਹਕਾ ਦੁਰਜਨ ਕਦਰ ਨਹੀਂ ਜਾਣਦੇ ਅਤੇ ਨਾਸ਼ਕਰਨ ਵਲ ਹੀ ਖਿਆਲ ਰਖਦੇ ਹਨ।

ਸਪੇ ਦੁਧ ਪਿਆਈਐ ਵਿਹੁ ਮੁਖਹੁ ਸਟੇਇ ॥ ਵਾਰ ੩੫ ਪੌੜੀ ੧ ਪੰ ੨ ਸਾਗਰ ਵੇਖੇ ॥ ਖੂਹਾ ਬੂਝ ਨ ਸੁਝਈ ਵੁਸਦੀ ਛਡਿ ਰਹੈ ਉਜਾੜੀ । ਵਾਰ ੩੨ ਪੌੜੀ ੭ ਪੰ ੧ ॥ ਕਾਉਂ ਕਪੂਰ ਨ ਚਖਈ ਦੁਰਗੰਧ ਸੁਖਾਵੈ । ਵਾਰ ੧੯ ਪੌੜੀ ੭ ਪੰ ੧ ॥ ੫੦੯ ॥

ਸਾਧ ਸੰਗਤ ਵਿਚ ਮਿਲਕੇ ਸਾਰਾ ਸੰਸਾਰ ਹੀ ਤਰ ਗਿਆ ਪਰ ਮੇਰੇ ਵਰਗੇ ਅਪ ਰਾਧੀ ਕਿਉਂਕਰ ਦੁਖੀ ਰਹੇ ॥

ਜੈਸੇ ਰੈਨ ਸਮੈ ਸਭ ਲੋਗ ਮੈ ਸੰਜੋਗ ਭੋਗ
***ਚਕਵੀ ਬਿਓਗ ਸੋਗ ਭਾਗ ਹੀਨ ਜਾਨੀਐ ।**

ਜਿਕੁਰ ਰਾਤ ਦੇ ਵੇਲੇ ਸਾਰੇ ਲੋਕਾਂ ਨੂੰ ਭੋਗਾਂ (ਪਦਾਰਥਾਂ) ਦਾ ਮਿਲਾਪ ਹੁੰਦਾ ਹੈ ਪਰ ਚਕਵੀ ਵਿਚਾਰੀ ਭਾਗਾਂ ਤੋਂ ਰਹਿਤ ਵਿਛੋੜੇ ਦੇ ਦੁਖ ਵਿਚ ਸੋਗ ਕਰਦੀ ਜਾਣੀਦੀ ਹੈ । ਸਜਣ ਰਾਤ ਮਿਲਾਵੜਾ ਚਕਵੀ ਚੋਹਾਪ। ਵਾਰ ੩੪ ਪੌੜੀ ੫ ਪੰ ੨ ॥

ਜੈਸੇ ਦਿਨ ਕਰ ਕੈ ਉਦੋਤਿ ਜੋਤਿ ਜਗਮਗ
ਉਲੂ ਅੰਧ ਕੰਧ ਪਰਬੀਨ ਊਨਮਾਨੀਐ ।

(ਦਿਨਕਰ) ਸੂਰਜ । (ਅੰਧ ਕੰਧ) ਅੰਨ੍ਹੇ ਸਰੀਰ । ਜਿਕੁਰ ਸੂਰਜ ਦੀ ਸਵੇਰੇ ਜੋਤ ਪ੍ਰਕਾਸ਼ ਵਾਲੀ ਉਦਤ ਨਾਲ ਹੋਰ ਲੋਕੀ ਸਭ ਕੁਝ ਚੰਗੀ ਤਰ੍ਹਾਂ ਜਾਣ (ਵੇਖ) ਲੈਂਦੇ ਹਨ ਪਰ ਉੱਲੂ ਦਾ ਸਰੀਰ ਅੰਨਾ ਹੀ ਰਹਿਣ ਕਰਕੇ ਹੀ ਚਾਤੁਰ (ਊਨਮਾਨੀਐ) ਵਿਚਾਰੀ ਦਾ ਹੈ ਭਾਵ ਉਲੂ ਨੂੰ ਸੂਰਜ ਦਾ ਚਾਨਣ ਨਹੀਂ ਲਭਦਾ ।

ਵਾਰ ੨੭ ਪੌੜੀ ੪ ਵੇਖੋ

ਸਰਵਰ ਸਰਿਤਾ ਸਮੁੰਦਰ ਜਲ ਪੂਰਨ ਹੈ
ਤ੍ਰਿਖਾਵੰਤ ਚਾਤ੍ਰਿਕ ਰਟਤ ਬਕ ਬਾਨੀਐ ।

---

* ਤੁਲਸੀ ਰਾਮਾਇਣ ਆਦਕ ਵਿਚ ਲਿਖਿਆ ਹੋਇਆ ਹੈ ਕਿ ਚਕਵੀ ਚਕਵੇ ਨੂੰ ਰਾਮ ਚੰਦ੍ਰ ਜੀ ਦਾ ਸਰਾਪ ਹੋਇਆ ਹੋਇਆ ਹੈ ॥

ਜਿਕੂਰ ਤਲਾਉ, ਨਦੀਆਂ, ਸਮੁੰਦ੍ਰ ਪਾਣੀ ਨਾਲ ਭਰੇ ਹੋਏ ਹਨ ਪਰ ਪਪੀਹਾ ਤਿਹਾਇਆ ਹੀ ਰਹਿੰਦਾ ਹੈ ਅਤੇ ਪਾਣੀ ਟੋਲਦਾ (ਪੀਂਹ ਕੇ ਕੂਕਦਾ ਹੀ) ਰਹਿੰਦਾ ਹੈ।

ਤੈਸੇ ਮਿਲ ਸਾਧ ਸੰਗ ਸਕਲ ਸੰਸਾਰ ਤਰੇ
ਮੋਹਿ ਅਪਰਾਧੀ ਅਪਰਾਧਨ ਬਿਹਾਨੀਐ॥੫੦੮।

ਤਿਕੂਰ ਹੀ ਸਾਧ ਸੰਗਤ ਵਿਚ ਮਿਲਕੇ ਸਾਰਾ ਹੀ ਸੰਸਾਰ ਤਰ ਗਿਆ ਪਰ ਮੇਰੇ (ਜੇਹੇ) ਅਪਰਾਧੀ ਦੇ ਅਪਰਾਧ ਹੀ ਦੂਰ ਨਾ ਹੋਇ (ਅਥਵਾ ਪਾਪਾਂ ਵਿਚ ਉਮਰ ਗੁਜ਼ਰ ਗਈ ਪਰ ਇਹ ਠੀਕ ਨਹੀਂ)॥੫੦੮॥

ਭਾਵ ਸ਼ੀ ਨਾ ਹਜ਼ੂਰ ਭੁਲ ਪਾਈਏ।

ਗੁਰ ਪ੍ਰਮਾਣਾਂ ਨੂੰ ਗਲਤ ਪਛਾਨਕਰਕੇ ਪ੍ਰਸੰਨ ਕਰਨਾ ਇਹ ਠੀਕ ਨਹੀਂ॥

ਜੈਸੇ ਫਲ ਫੂਲ ਕੋ ਲਿਜਾਇ ਬਨਰਾਇ ਪ੍ਰਤਿ
ਕਰੈ ਅਭਿਮਾਨ ਕਹੋ ਕੈਸੇ ਬਨਿਆਵੈ ਜੀ।

ਜਿਕੂਰ ਕੋਈ ਫਲਾਂ ਫੁਲਾਂ ਨੂੰ ਫੜਕੇ ਬਾਗਾਂ ਬਗੀਚਿਆਂ ਦੇ (ਮਾਲਕ) ਪਾਸ ਜਾਵੇ (ਪ੍ਰਸੰਨ ਕਰਨਾ ਚਾਹਵੇ) ਅਤੇ ਹੰਕਾਰ ਕਰੇ (ਕਿ ਮੈਂ ਆਪਣੇ ਸਿਰ ਤੇ ਚੁਕਕੇ ਲਿਆਇਆ ਹੈ) ਤਾਂ ਤੁਸੀ ਦਸੋ ਖਾਂ ਭਲਾ ਭਾਈ ਇਹੁ ਗਲ ਕਿਕੂਰ ਬਣ ਔਂਦੀ ਹੈ।

ਤੈਸੇ ਮੁਕਤਾਫਲ ਸਮੁੰਦ੍ਰ ਕੋ ਦਿਖਾਵੈ ਜਾਇ
ਬਾਰ ਬਾਰ ਹੀ ਸਰਾਹੈ ਸੋਭਾ ਤੌ ਨ ਪਾਵੈ ਜੀ।

ਜਿਕੂਰ ਕੋਈ (ਮੁਕਤਾਫਲ) ਮੋਤੀ ਲਿਜਾਕੇ ਸਮੁੰਦ੍ਰ ਨੂੰ ਦਿਖਾਵੇ ਅਤੇ ਵਾਰੰਵਾਰ ਸਲਾਹਵੇ (ਕਿ ਇਹੋ ਜਿਹੇ ਮੋਤੀ ਕਿਧਰੇ ਨਹੀਂ ਆਪਨੂੰ ਮਿਲਣੇ) ਤਾਂ ਓਹ ਸੋਭਾ ਨਹੀਂ ਪੈਂਦਾ॥

ਜੈਸੇ ਕਨੀ ਕੰਚਨ ਸੁਮੇਰ ਸਨਮੁਖ ਰਾਖ
ਮਨ ਮੈਂ ਗਰਬ ਕਰੈ ਬਾਵਰੋ ਕਹਾਵੈ ਜੀ।

ਜਿਕੂਰ ਕੋਈ ਸੋਨੇ ਦੀ ਕਿਣਕੀ ਜਿਹੀ ਟੁਕੜੀ ਸੋਨੇ ਦੇ ਪਹਾੜ ਅੱਗੇ ਰੱਖ ਕੇ ਮਨ ਵਿਚ ਹੰਕਾਰ ਕਰੇ (ਕਿ ਐਸਾ ਸੋਨਾ ਤੇ ਤੁਹਾਡੇ ਪਾਸ ਵੀ ਨਹੀਂ) ਤਾਂ ਝੱਲਾ ਹੀ ਕਹੌਂਦਾ ਹੈ।

ਤੈਸੇ ਗਿਆਨ ਧਿਆਨ ਦਾਨ ਪ੍ਰਾਨ ਦੈ ਬਿਸ੍ਵੰਭਰ ਤਾਹਿ

ਪ੍ਰਾਨਪਤਿ ਸਤਿਗੁਰ ਕੈਸੇ ਕੈ ਰਿਝਾਵੈ ਜੀ ॥੫੨੮

ਜਿਵੇਂ ਕੀ ਜਿਹੜਾ ਸਿਖ ਗਾਇਨ, ਬਜੰਤ੍ਰ (ਨਾਲ) ਅਤੇ ਹਸਣੇ ਅਤੇ ਪ੍ਰਾਨਾਂ ਨੂੰ ਦੇਣ ਪ੍ਰਾਨਾਂ ਦੇ ਪਤੀ ਸਤਿਗੁਰਾਂ ਨੂੰ ਪ੍ਰਸੰਨ ਕਰਨਾ ਚਾਹਵੇ ਤਾਂ ਕਿਵੇਂ ਕਰ ਸਕਦਾ ਹੈ? ਭਾਵ ਉਨਾਂ ਦੀ ਹੀ ਵਸਤੂ ਬਖਸ਼ੀ ਹੋਈ ਉਨਾਂ ਨੂੰ ਦੇ ਕੇ ਪਿਆਰ ਕਰੇ ਤਾਂ ਕਿਆ ਕੁਝ ਬਣ ਸਕਦਾ ਹੈ (ਭਾਵ ਕੁਝ ਨਹੀਂ) ॥ ੫੨੮ ॥

ਜੈਸੇ ਹੋਇਆ ਚੰਦਨ ਔ ਧਾਨ ਪਾਨ ਬੇਚਨ ਕੌ
ਪੂਰਬ ਦਿਸਾ ਲੈ ਜਾਇ ਕੈਸੇ ਬਨਿ ਆਵੈ ਜੀ ।

ਜਿਵੇਂ ਸ਼ਾਹ, ਚੰਦਨ ਅਤੇ ਧਾਨਾਂ, ਪਾਨਾਂ ਨੂੰ ਵੇਚਣ ਵਾਸਤੇ ਪੂਰਬ ਵਲ ਲੈ ਜਾਵੇ ਤਾਂ (ਉਸ ਨੂੰ ਕੀ) ਫਾਇਦਾ ਬਣ ਔਂਦਾ ਹੈ ॥

ਪੱਛਮ ਦਿਸਾ ਲੈ ਦਾਖ ਦਾਰਮ ਬਿਸਾਹਿ ਜੈਸੇ
ਮ੍ਰਿਗਮਦ ਕੇਸਰ ਲੈ ਉਤਰ ਕੌ ਧਾਵੈ ਜੀ ।

(ਦਾਰਮ) ਅਨਾਰ। (ਮ੍ਰਿਗ ਮਦ) ਕਸਤੂਰੀ। ਜਿਵੇਂ ਪੱਛਮ ਵਲ ਦਾਖ ਅਨਾਰ ਲੈ ਜਾਵੇ ਅਤੇ ਉੱਤਰ ਵਲ ਕਸਤੂਰੀ ਕੇਸਰ ਲੈ ਕੇ ਦੌੜੇ (ਤਾਂ ਕੀ) ਨਫ਼ਾ ਹੋ ਸਕਦਾ ਹੈ ॥

ਦਖਨ ਦਿਸਾ ਲੈ ਜਾਇ ਲਾਇਚੀ ਲਵੰਗ ਲਾਦਿ
ਲਾਦ ਆਸਾ ਉਦਮ ਹੈ ਬਿਰਤੈ ਨ ਪਾਵੈ ਜੀ ।

(ਜਿਵੇਂ ਕੋਈ) ਲਾਚੀਆਂ ਅਤੇ ਲੌਂਗ ਲੱਦ ਕੇ ਦੱਖਣ ਦਿਸ਼ਾ ਵੱਲ ਲੈ ਜਾਵੇ ਤਾਂ ਉਸ ਦੀ ਆਸ਼ਾ ਉੱਦਮ (ਭਾਵ) ਬਿਅਰਥ ਹੋ (ਕੇ) ਲਾਭ (ਬਿਰਤੇ) ਲਾਭ ਨਹੀਂ ਪੈਂਦਾ ॥

ਤੈਸੇ ਗੁਨ ਨਿਧਿ ਗੁਰ ਸਾਗਰ ਕੈ ਬਿਦਮਾਨ
ਗਾਇਨ ਗੁਨ ਪ੍ਰਗਟ ਕੈ ਬਾਵਰੋ ਕਹਾਵੈ ਜੀ ॥੫੨੯

ਤਿਵੇਂ ਹੀ (ਜੋ ਕੋਈ) ਗੁਣਾਂ ਦੇ ਖਜ਼ਾਨੇ ਸਮੁੰਦ੍ਰ ਸਤਿਗੁਰ ਵਿਦਵਾਨ ਜੀ ਦੇ ਹਜ਼ੂਰੀਆਂ (ਅੱਗੇ) ਹੀ ਆਪਣੇ ਗਾਇਨ ਗੁਣ ਪ੍ਰਗਟ ਕਰੇ (ਜਿਸ ਨੇ ਸਭ ਸਿਖਾਇਆ ਹੈ) ਤਾਂ ਬੌਰਾ ਹੀ ਕਹੀਦਾ ਹੈ ॥ ੫੨੯ ॥

ਸਿੱਖ ਨੂੰ ਕਦੇ ਅੰਗੁਲ ਦਾ ਹੰਕਾਰ ਨਹੀਂ ਕਰਨਾ ਅਤੇ ਗੁਰੂ ਆਪ ਹੀ ਹੋਰ ਸਿਖ ਪ੍ਰਸੰਨ ਕਰਦੇ ਜੋ ਆਪਣੇ ਉਤੇ ਆਧਾਰ ਜਿਨ੍ਹਾਂ ਨੂੰ ਸਿੱਖਾਂ ਦਾ ਭਰੋਸਾ ਕਰਦੇ ਹਨ ॥

***ਛਲਨੀ ਮੈ ਜੈਸੇ ਦੇਖੀਅਤਿ ਹੈ ਅਨੇਕ ਛਿਦ੍ਰ**
ਕਰੈ ਕਰਵਾ ਕੀ ਨਿੰਦਾ ਕੈਸੇ ਬਨਿਆਵੈ ਜੀ ।

(ਛਿਦ੍ਰ) ਛੇਕ, ਛੇਕ। (ਕਰਵਾ) ਮਿਟੀ ਦਾ ਭਾਂਡਾ। ਜਿਵੇਂ (ਛਲਨੀ) ਛਾਨਣੀ ਦਾ ਕਸੂਰ ਆਪਣੇ ਨਾਲ ਛਲਣ ਵਿਚ ਤਾਂ ਆਪਣੇ ਛੇਕ (ਦੋਸ਼) ਨਜ਼ਰ ਆਉਂਦੇ ਹਨ ਅਤੇ ਨਿੰਦਾ ਮਿਟੀ ਦੇ ਕਟੋਰੇ ਦੀ ਕਰਦਾ ਹੈ (ਭਾਵ ਜੋ ਹਨ ਚੋਂਦਾ ਹੀ ਨਹੀਂ) ਤਾਂ ਵਿਰੁਧ ਬਣ ਜਾਂਦਾ ਹੈ। (ਭਾਵ ਏਹ ਗਲ ਕਿਵੇਂ ਹੋ ਸਕਦੀ ਹੈ ਕਿ ਮੈਂ ਚੰਗਾ ਹਾਂ)।

ਬਿਰਖ ਬੰਬੂਰ ਭਰਪੂਰ ਬਹੁ ਸੂਰਨ ਸੈਂ
ਕਮਲੈ ਕਟੀਲੋ ਕਹੈ ਕਾਹੂ ਨ ਸੁਖਾਵੈ ਜੀ ।

(ਬੰਬੂਰ) ਕਿੱਕਰ ਦਾ ਬੂਟਾ ਬਾਹਰਲੀਆਂ ਸੂਲਾਂ ਨਾਲ ਭਰਿਆ ਹੋਇਆ ਹੈ ਅਤੇ ਕੰਵਲਫੁਲ ਨੂੰ ਕਹੇ ਤੂੰ ਕੰਡਿਆਂ ਵਾਲਾ ਹੈਂ ਇਹ ਗਲ ਕਿਸ ਨੂੰ ਸੁਖੈਂਦੀ ਹੈ

ਜੈਸੇ ਉਪਹਾਸ ਕਰੈ ਬਾਇਸ ਮਰਾਲ ਪ੍ਰਤਿ
ਡਾਰ ਮੁਕਤਾਹਲ ਦੁਰਗੰਧਿ ਲਿਵਲਾਵੈ ਜੀ ।

(ਉਪਹਾਸ) ਹਾਸੀ। (ਬਾਇਸ) ਕਾਂ। (ਮਰਾਲ ਪ੍ਰਤਿ) ਹੰਸ ਪਾਸੋਂ। (ਮੁਕਤਾਹਲ) ਮੋਤੀ। ਜਿਵੇਂ ਕਾਂ ਹੰਸ ਨੂੰ ਮਖੌਲ ਕਰੇ (ਕਿ ਤੂੰ ਚੰਗਾ ਨਹੀਂ ਅਤੇ ਆਪ) ਮੋਤੀਆਂ ਨੂੰ ਛਡਕੇ ਦੁਰਗੰਧੀ ਨਾਲ (ਲਿਵ) ਬਿਰਤੀ ਲਾਵੇ (ਪ੍ਰੀਤੀ ਕਰੇ)

ਤੈਸੇ ਹਮ ਮਹਾਂ ਅਪਰਾਧੀ ਅਪਰਾਧ ਭਰੇ
ਸਕਲ ਸੰਸਾਰ ਕੇ ਵਿਕਾਰ ਮੋਹਿ ਭਾਵੈ ਜੀ॥੫੧੨

ਤਿਵੇਂ ਹੀ ਮੈਂ ਬਹੁਤੇ ਸਾਰੇ ਅਪਰਾਧਾਂ ਨਾਲ ਅਪਰਾਧੀ ਭਰਿਆ ਹੋਇਆ ਹਾਂ ਕਿਉਂਕਿ ਸਾਰੇ ਸੰਸਾਰ ਦੇ ਵਿਕਾਰ ਮੈਨੂੰ ਹੀ ਚੰਗੇ ਲਗਦੇ ਹਨ। ਵਾਰ ੩੬ ਪੌੜੀ ੨੧ ਅਤੇ ਵਾਰ ੩੭ ਪੌੜੀ ੨੯ ਸਾਰੀ ਵੇਖੋ

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ। ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ। (ਸੂਹੀ ੧ ਗਉੜੀ) ॥੫੧੨॥

ਜੋ ਦ੍ਰਿਸ਼ਟ ਕਰਕੇ ਸੰਤਾਂ ਦੇ ਧੰਨਾਂ ਨੂੰ ਵਿਕਾਰ ਨਹੀਂ ਚੰਗੇ ਲਗਦੇ

ਆਪਦਾ ਅਧੀਨ ਜੈਸੇ ਦੁਖਤ ਦੁਹਾਗਨਿ ਕੋ

---

*ਛਲਨੀ ਦੇ ਛਾਨਣਾ ਦੇ ਭਾਵ ਉਤੇ ਵਾਰ ੩੪ ਪਉੜੀ ੨੦ ਵੇਖ ਸਕਦੇ ਹੋ।

ਸਹਜ ਸੁਹਾਗੁ ਨ ਸੁਹਾਗਨ ਕੋ ਭਾਵਈ ।

ਜਿਕੁਰ ਪਤੀ ਤੋਂ ਵਿਛੜਕੇ ਬਿਪਤਾ ਦੇ ਵਸ ਦੁਖੀ ਹੋ ਰਹੀਆਂ ਤੇ ਛੁਟੜਾਂ ਇਸਤ੍ਰੀਆਂ ਨੂੰ ਸਹਜੇਹੀ ਸੁਹਾਗ ਵਾਲੀਆਂ (ਸੁਖੀਆਂ) ਇਸਤ੍ਰੀਆਂ ਦਾ ਨਹੀਂ ਭਾਉਂਦਾ।

ਬਿਰਹਨੀ ਬਿਰਹ ਬਿਓਗ ਮੈ ਸੰਜੋਗਨਿ ਕੋ

ਸੁੰਦਰ ਸ਼ਿੰਗਾਰ ਅਧਿਕਾਰੁ ਨ ਸੁਹਾਵਈ ।

ਜਿਕੁਰ ਪ੍ਰੇਮ ਕਰਕੇ ਵਿਛੋੜੇ ਵਿਚ ਪਤੀ ਤੋਂ ਵਿਛੜੀ ਹੋਈ ਇਸਤ੍ਰੀ ਨੂੰ ਪਾਸ ਰਹਿਣ ਵਾਲੀ ਇਸਤ੍ਰੀ ਦਾ ਸੁੰਦਰ ਸ਼ਿੰਗਾਰ ਚੰਗਾ ਨਹੀਂ ਸੁਹੰਦਾ (ਚੰਗਾ ਨਹੀਂ ਲਗਦਾ)।

ਜੈਸੇ ਤਨ ਮਾਂਝ ਬਾਂਝ ਰੋਗ ਸੋਗ ਸੰਜੋ ਸੁਖ

ਸੌਤਨ ਕੇ ਸੁਤ ਪੇਖ ਮਹਾਂ ਦੁਖ ਪਾਵਈ ।

ਜਿਕੁਰ ਸੌਂਢ ਇਸਤ੍ਰੀ ਦੇ ਸਰੀਰ ਵਿਚ ਰੋਗ ਹੋਣ ਕਰਕੇ (ਬਾਲਕਾਂ ਦੇ ਜਮਣ ਤੋਂ ਬਿਨਾਂ ਹੀ) ਸੋਗ ਸਮੇ ਦਾ ਬਹੁਤਾ ਚਰਿਆ ਰਹਿੰਦਾ ਹੈ ਅਤੇ ਸੌਂਕਣ ਵਾਲੀ (ਸੌਂਕਣ) ਦੇ ਪੁਤ੍ਰ (ਪੇਖ) ਵੇਖਕੇ ਬਾਹਲਾ ਦੁਖ ਪੌਂਦੀ ਹੈ।

ਤੈਸੇ ਪਰ ਤਨ ਧਨ ਦੂਖਨ ਤ੍ਰਿਦੋਖ ਮਮ

ਸਾਧਨ ਕੋ ਸੁਕ੍ਰਿਤ ਨ ਹਿਰਦੈ ਹਿਤਾਵਈ ॥੫੧੩॥

ਤਿਕੁਰ ਹੀ ਪਰਾਏ ਸਰੀਰ, ਧਨ ਵਿਚ ਦੋਸ਼ ਆਰੋਪਣ ਕਰਨ ਕਰਕੇ ਇਹ ਤਿੰਨ ਦੁਖ ਮੈਨੂੰ ਲਗੇ ਹੋਏ ਹਨ ਕਿ ਸੰਤਾਂ ਦੇ ਪੁੰਨ (ਭਲੇ ਕੰਮ) ਹਿਰਦੇ ਵਿਚ ਚੰਗੇ ਨਹੀਂ ਲਗਦੇ ॥੫੧੩॥

ਗੁਰ ਸਿਖ ਸਾਧ ਸੰਗਤ ਤੋਂ ਬਿਨਾ ਕਿਕੁਰ ਦੁਖੀ ਹੁੰਦੇ ਹਨ।

ਜਲ ਮੈਂ ਨਿਕਾਸ ਮੀਨ ਰਾਖੀਐ ਪਟੰਬਰ ਮੈ

ਬਿਨ ਜਲ ਤਲਫ ਤਜਤ ਪ੍ਰਿਯ ਪ੍ਰਾਨ ਹੈ ।

(ਮੀਨ) ਮਛੀ। ਜਿਕੁਰ ਜੇ ਪਾਣੀ ਵਿਚੋਂ ਕਢਕੇ ਮੱਛੀ ਨੂੰ ਨਰਮ ਕਪੜੇ ਵਿਚ ਵਲ੍ਹੇਟ ਰਖੀਏ ਤਾਂ ਵੀ ਪਰ ਫਿਰ ਵੀ ਪਾਣੀ ਤੋਂ ਬਿਨਾਂ (ਮੱਛੀ) ਤੜਫਕੇ ਪਿਆਰੇ ਪ੍ਰਾਣਾਂ ਨੂੰ ਛਡ ਦਿੰਦੀ ਹੈ॥ ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥

(ਰੂਪ ਸੋਰਠਿ ਵਾਰ)

ਬਨ ਮੈਂ ਪਕਰ ਪੰਛੀ ਪਿੰਜਰੀ ਮੈ ਰਾਖੀਐ ਤੈ

ਬਿਨ ਬਨ ਮਨ ਉਨਮਨ ਉਨਮਾਨ ਹੈ।

ਜਿਕੁਰ ਉਜਾੜ ਵਿਚੋਂ ਪੰਛੀ ਪਕੜਕੇ ਪਿੰਜਰੇ ਵਿਚ ਰਖੀਏ ਤੇ ਤਦ ਵੀ ਬਿਨਾਂ ਜੰਗਲ ਤੋਂ ਮਨ ਉਸਦਾ ਉਦਾਸ ਹੀ (ਵਿਰਾਗੀ ਦਾ) ਰਹਿੰਦਾ ਹੈ। ਭਾਵ ਭਾਵੇਂ ਉਨ੍ਹੇ ਹੌਂਛੇ ਨ ਖਾਣੇ ਮਿਲਨ ਪਰ ਫਿਰ ਵੀ ਜੰਗਲ ਹੀ ਚੰਗਾ ਲਗਦਾ ਹੈ।

ਭਾਮਨੀ ਭਤਾਰ ਬਿਛੁਰਤ ਅਤਿ ਛੀਨ ਦੀਨ

ਬਿਲਖ ਬਦਨ ਤਾਹਿ ਭਵਨ ਭਇਆਨ ਹੈ।

(ਭਾਮਨੀ ਭਤਾਰ) ਇਸਤ੍ਰੀ ਪਤੀ। ਜਿਕੁਰ ਇਸਤ੍ਰੀ ਪਤੀਨਾਲੋਂ ਵਿਛੜਕੇ ਬਾਹਲੀ ਮਾੜੀ ਅਤੇ ਗਰੀਬੜੀ ਮੂੰਹੋਂ ਰੋਂਦੀ ਅਤੇ ਤਿਸਨੂੰ ਘਰ ਵੀ ਡਰੌਣਾ ਲਗਦਾ ਹੈ॥

ਤੈਸੇ ਗੁਰਸਿਖ ਬਿਛੁਰਤ ਸਾਧ ਸੰਗਤ ਮੈਂ

ਜੀਵਨ ਜਤਨ ਬਿਨ ਸੰਗਤਿ ਨ ਆਨ ਹੈ।੫੧੪

ਤਿਕੁਰ ਹੀ ਗੁਰ ਸਿਖ ਸਾਧ ਸੰਗਤ ਤੋਂ ਜਦ ਵਿਛੜ ਜਾਂਦੇ ਹਨ ਤਿਨਾਂ ਦੇ ਜੀਉਣ ਦਾ ਉਪਾਇ ਬਿਨਾਂ ਸਾਧ ਸੰਗਤ ਤੋਂ (ਆਨ) ਹੋਰ ਕੋਈ ਨਹੀਂ ਹਾ॥ ੫੧੪॥

ਗੁਰਾਂ ਤੋਂ ਵਿਛੜਕੇ ਸਿਖ ਗੁਰ ਸ਼ਬਦਦੇ ਅਧਾਰ ਨਾਲ ਚਿਰ ਤੀਕ ਜੀਉਂਦੇ ਰਹਿੰਦੇ ਹਨ॥

ਜੈਸੇ ਟੂਟੈ ਨਾਗਬੇਲ ਸੈ ਬਿਦੇਸ ਰਲ ਜਾਤ

ਸਲਲ ਸੰਜੋਗ ਚਿਰੰਕਾਲ ਜੁਗਵਤ ਹੈ।

(ਸਲਲ)ਪਾਣੀ। ਜਿਕੁਰ ਪਾਨਾਂ ਦੇ ਪੱਤੇ ਵਲੀ ਨਾਲੋਂ ਟੁਟਕੇ ਹੋਰਨਾਂ ਦੇਸਾਂ ਤੇ ਰਲੇ ਜਾਂਦੇਹਨ ਪਰ ਪਾਣੀ ਦੇ ਮਿਲਾਪ ਨਾਲ ਬਾਹਲਾ ਚਿਰ ਹਰੇ ਭਰੇ (ਖੁਸ਼ੀ ਨਾਲ) ਵੇਖੀਦੇ ਹਨ॥

ਜੈਸੇ ਕੂੰਜ ਬਚਰਾ ਤਿਆਗ ਦਿਸੰਤਰਿ ਜਾਤ

ਸਿਮਰਨ ਚਿਤ ਨਿਰਵਿਘਨ ਰਹਤ ਹੈ।

ਜਿਕੁਰ ਕੂੰਜ ਬਚਿਆਂ ਨੂੰ ਛਡਕੇ ਹੋਰਨਾਂ ਦਿਸਾਂਦੇ ਅੰਦਰ (ਪ੍ਰਦੇਸ)ਚਲੀ ਜਾਂਦੀ ਹੈ ਪਰ ਜੋ ਕੂੰਜ ਬਚਿਆਂ ਨੂੰ ਯਾਦ ਚਿਤ ਵਿਚ ਰਖਦੀ ਹੈ ਇਸ ਲਈ (ਬੱਚੇ) ਬਿਨਾਂ ਵਿਘਨ ਤੋਂ ਰਹਿੰਦੇਹਨ।

ਚੀਟੀ ਦਿਕ ਜੈਸੇ ਛਾਡਿ ਭਾਜਨ ਲੈ ਜਾਤ ਜਾਤੀ

318

ਸੁਜਸ ਅਧਾਰ ਨਿਰਮਲ ਨਿਧਰਕ ਹੈ ।

ਜਿਕੁਰ ਰੋਗਾਂ ਦੇ ਸਾਥੋਂ (ਮੁਸਾਫਰ) (ਗੰਗਾ ਹਿੰਦਵਾਸ) ਗੰਗਾ ਜੋ (ਤ੍ਰਿਵੇਣੀ) ਪਾਣੀ ਨੂੰ ਕਾਂਡੇ ਵਿਚ ਭਰਕੇ ਲੈ ਜਾਂਦੇ ਹਨ ਜੋ ਲਿਆਂਦੇ (ਅਰਥਾਤ ਆਸਰੇ, ਗੰਗਾ ਦਾ ਪਾਣੀ) ਨੂੰ ਤੇਜ਼ ਭਰ ਪਹੁੰਚਦਾ ਹੈ ਅਤੇ ਉਨ੍ਹਾਂ ਦਾ ਸੰਕਟ ਦੂਰ ਹੁੰਦਾ ਹੈ ।

ਤੈਸੇ ਗੁਰ ਚਰਨ ਸਰਨ ਕੈ ਅੰਤਰ ਸਿਖ

ਸਬਦ ਸੰਗਤ ਗੁਰ ਧਯਾਨ ਲੈ ਜੀਅਤ ਹੈਂ ॥੫੧੫

ਤਿਕੁਰ ਹੀ ਜੇ ਗੁਰ ਚਰਨ ਸਰਨਤੋਂ ਸਿਖ ਦਾ (ਅੰਤਰ) ਭੇਦ (ਵਿਛੋੜਾ) ਪੈ ਜਾਵੇ ਤੇ ਸਾਧ ਸੰਗਤ ਵਿਚ ਗੁਰਾਂ ਦੇ ਸਬਦ ਨੂੰ ਸੁਣਕੇ ਅਤੇ ਗੁਰਾਂ ਦਾ ਧਿਆਨ ਧਰਕੇ (ਸਿਖ) ਜੀਉਂਦੇ ਰਹਿੰਦੇ ਹਨ ॥੫੧੫॥

* ਪ੍ਰਸ਼ਨ ਆਖਦੇ ਹਨ ਕਿ ਗੁਰੂ ਵੀ ਪੂਰਨ ਸੰਤ੍ਰੋ ਬ੍ਰਹਮਗਿਆਨੀ ਹੋਣ ।

[illegible] ਆਇ ਮੁੰਡ੍ਰੀ ਜਿਹ ਗੁਰੂ ਕੀ ਜਾਤਿ ਭਰਮ ਨ ਜਾਇ ।

ਆਪ ਡੁਬੈ ਚਹੁ ਬੇਦਨਿ ਚੇਲੇ ਦੀਏ ਬਹਾਇ ॥

ਨਾਮ ਤੋਂ ਬਿਨਾਂ ਗੁਰੂ ਇਕੁਰ ਦੇ ਹਨ ॥

ਜੈਸੇ ਬਿਨ* ਪਵਨ ਕਵਨ ਗੁਨ ਚੰਦਨ ਕੋ

ਬਿਨ ਮਲਿਆਗਰ ਪਵਨ ਕਤ ਬਾਸ ਹੈ ।

ਜਿਕੁਰ ਹਵਾ ਤੋਂ ਬਿਨਾਂ ਕਿਆ ਗੁਣ ਚੰਦਨ ਦਾ (ਜਾਣਿਆਂ ਜਾਂਦਾ) ਹੈ ਅਤੇ ਚੰਦਨ ਤੋਂ ਬਿਨਾਂ ਹਵਾ ਕਿਆ ਕਿਸੇ ਵਿਚ ਵਾਸਨਾ ਦੇ ਸਕਦੀ ਹੈ ॥

ਜੈਸੇ ਬਿਨ ਬੈਦ ਅਵਖਦ ਗੁਨ ਗੋਪ ਹੋਤ

ਅਵਖਦ ਬਿਨੁ ਬੈਦ ਰੋਗ ਕੋ ਨ ਨਾਸ ਹੈ ।

ਜਿਕੁਰ ਹਕੀਮ ਤੋਂ ਬਿਨਾਂ ਦਵਾ ਦੇ ਗੁਣ (ਗੋਪ) ਛਪਨ ਹੋ ਜਾਂਦੇ ਹਨ ਅਤੇ ਦਵਾ ਤੋਂ ਬਿਨਾਂ ਹਕੀਮ ਰੋਗਾਂ ਦਾ (ਨਾਸ) ਪੂਰਨ (ਨਾਸ) ਨਹੀਂ ਕਰ ਸਕਦਾ

ਜੈਸੇ ਬਿਨੁ ਬੋਹਿਥ ਨ ਪਾਰ ਪਰੈ ਖੇਵਟ ਸੈ

ਖੇਵਟ ਬਿਹੂਨ ਕਤ ਬੋਹਿਥ ਬਿਸ੍ਵਾਸ ਹੈ ।

(ਬੋਹਿਥ) ਜਹਾਜ਼ । (ਖੇਵਟ) ਮਲਾਹ । ਜਿਕੁਰ ਜਹਾਜ਼ ਮਲਾਹ ਤੋਂ ਬਿਨਾਂ

---

* ਇਸਨੂੰ ਅਸੀਂ ਲੋਗ ਅਨਨੇਨਯ ਅਲੰਕਾਰ ਆਖਦੇ ਹਾਂ ਉਪ ਹਰਿਰਾਮ ਜੀ ਦੀ ਛੰਦ ਰਤਨਾਵਲੀ ਦਾ ੧ ਧਿਆਇ ੭੮ ਸ੍ਰੀਮਾਂ ਛੰਦ ਜੋ ਅਨਨੇਨਯ ਉਦਾਹਰਣ [illegible] ਬਿਨ ਸਸਿ [illegible] । ਸਸਿ ਬਿਨ ਨਿਸਿ ਅਤਿ ਸਯਾਮ । [illegible]॥

ਪ੍ਰਾਪਤ ਨਹੀਂ ਹੁੰਦਾ ਅੰਤਰਮੁਖ ਮਹਾਂ ਪਦ ਸਤਿਗੁਰ ਤੋਂ ਬਿਨਾਂ [illegible] (ਪਰ ਸਕਦਾ ਹੈ) ।

ਤੈਸੇ ਗੁਰ ਨਾਮ ਬਿਨ ਹੀਮ ਨ ਪਰਮ ਪਦੁ
ਬਿਨੁ ਗੁਰ ਨਾਮ ਨਿਹਕਾਮ ਨ ਪ੍ਰਗਾਸ ਹੈ ॥੫੧੯॥

ਤਿਵੇਂ ਹੀ ਗੁਰੂ ਨਾਮ ਤੋਂ ਬਿਨਾਂ ਹਠੀ ਮਨਤਖੀ (ਵਾਹਿਗੁਰੂ) ਨੂੰ ਨਹੀਂ ਪਹਿਲ ਸਕਦੇ ਅਤੇ ਬਿਨਾਂ ਗੁਰਾਂ ਦੇ ਨਾਮ ਜਪਣਾਂ ਫਲਦਾਇਕ ਨਹੀਂ ਹੁੰਦਾ, ਅਤੇ ਨਾ ਹੀ ਇਛਾ ਤੋਂ ਬਿਨਾਂ ਹੋਏ ਵਾਹਿਗੁਰੂ ਦਾ ਪ੍ਰਕਾਸ਼ ਹੁੰਦਾ ਹੈ (ਇਹ ਸਾਰਾ [illegible] ਹੀ ਅਲੰਕਾਰ ਆਇਆ ਹੈ) । ਗੁਰੂ ਜਿਨਾਂ ਦਾ ਅੰਧਲਾ [illegible] ਠਾਉ ਨ ਹੁ ॥ (ਗੁਰੂ ੨ ਸਿਰੀ [illegible]) । ੫੧੯ ॥

ਪਾਪ ਗੁਰੂ ਨੂੰ [illegible] ਅਤੇ [illegible] ਤੋਂ ਪ੍ਰਗਟ [illegible] ਉਨਾਂ ਦਾ [illegible] ਕਰ ਦੁਰਮਤ [illegible] ਦਾ ਸਿਰੂਰ ਦੁਖਦਾਈ [illegible] ਹੈ ॥

ਜੈਸੇ ਕਾਹੂ ਪਾਰੋ ਖਾਤ ਉਪਜੈ ਬਿਕਾਰ ਗਾਤ
ਰੋਮ ਰੋਮ ਕੈ ਬਿਰਾਤ ਮਹਾਂ ਦੁਖ ਪਾਈਐ ।

ਜਿਵੇਂ ਕੋਈ ਪਾਰਾ ਖਾਵੇ ਨਾਲ ਸਰੀਰ ਵਿਚ ਰੋਗ ਪ੍ਰਗਟ ਹੁੰਦੇ ਹਨ ਅਤੇ (ਉਹ ਪਾਰਾ) ਵਾਲ ਵਾਲ ਨੂੰ ਚੀਰਕੇ (ਪਾੜਕੇ) ਬਾਹਰ (ਰੋਗ ਹੋਕੇ) ਨਿਕਲਦਾ ਹੈ ਅਤੇ ਉਹ (ਨਕਲੀ ਗੁਰੂ) ਆਪਣਾ ਦੁਖ ਦੇਂਦਾ ਹੈ ॥

ਜੈਸੇ ਤੌ ਲਸਨ ਖਾਇ ਮੋਨ ਹੁਇ ਸਭਾ ਮੈ ਬੈਠੇ
ਪ੍ਰਗਟੈ ਦੁਰਗੰਧ ਨਾਹਿ ਦੁਰਤ ਦੁਰਾਈਐ ।

ਜਿਵੇਂ ਕੋਈ ਲਸਨ ਖਾ ਕੇ ਸਭਾ ਵਿਚ (ਮੋਨ) ਚੁਪ ਕਰਕੇ ਜਾ ਬੈਠੇ ਤਾਂ ਦੁਰਗੰਧ ਪ੍ਰਗਟ ਹੋ ਜਾਉਂਦੀ, ਤੇ ਛਪਾਈ ਹੋਈ ਛੁਪਦੀ ਨਹੀਂ ।
ਲਸਣ [illegible] ਨਾ ਲੁਕੇ [illegible] ਕੁਨੈ (ਵਾਰ ੨੫ ਭਾਈ [illegible])

ਜੈਸੇ ਮਿਸਟਾਨ ਪਾਨ ਸੰਗਮ ਕੈ ਮਾਖੀ ਲੀਲੇ
ਹੋਤ ਉਕਲੇਦ ਖੇਦੁ ਪ੍ਰਗਟ ਮਨਾਈਐ ।

(ਉਕਲੇਦ) ਜੈਸ ਜਿਵੇਂ ਕੋਈ ਮਿਠਾ (ਖਾਨ) ਨਾਲ [illegible] ਮਖੀ ਨਿਗਲ ਲਵੇ ਤਾਂ ਕੈ ਉਲਟੀ ਦਾ ਦੁਖ ਮਨਾਵਣਾ (ਹੋਣਾ) ਪੈਂਦਾ ਹੈ ॥

ਤੈਸੇ ਹੀ ਅਪਰਚੇ ਪਿੰਡ ਸਿਖਨ ਕੀ ਭਿਖਿਆ ਖਾਇ

ਅੰਤਕਾਲ ਭੇਟੀ ਹੋਇ ਜਮ ਲੋਕ ਜਾਈਐ ।੫੨੭

ਤਿਵੇਂ ਹੀ ਜੋ ਸਾਧ ਗੁਰਉਪਦੇਸ਼ ਦਾ ਮਹਾਤਮ ਨਹੀਂ ਜਾਣਦਾ ਅਤੇ ਸਿਖ ਭ੍ਰਿਤੀਆਂ ਦੇ ਘਰ ਮੰਗਿਆ ਹੋਯਾ ਹੈ ਅਤੇ ਅਜਾਂਈ ਵੇਲਾ ਗੁਆ ਕੇ (ਪਿੰਡ) ਸਰੀਰ ਨੂੰ ਪਾਲਦਾ ਹੈ। ਉਸ ਨੂੰ ਉਹ ਭ੍ਰਿਤੀਆਂ ਮਰਨ ਦੇ ਵੇਲੇ ਬਾਹਰਲੀ ਦੁਖ ਦਾਈ ਹੋਵੇਗੀ ਅਤੇ ਅੰਤ ਨੂੰ ਉਹ ਜਮ ਲੋਕਾਂ ਦੇ ਲੋਕ ਨੂੰ ਜਾਵੇਗਾ।

ਗੁਰ ਪੀਰ ਸਦਾਏ ਮੰਗਣ ਜਾਇ। ਤਾ ਕੈ ਮੂਲ ਨ ਲਗੀਐ ਪਾਇ।

ਵਡੀ ਇਸਦਾ ਇਹ ਭੀ ਜਾਹਰ ਕਰਦੇ ਹਨ ਕਿ ਸਰਦਾਰੀਆਂ ਜਿਨ੍ਹਾਂ ਖਿਤਾਬ ਜਾਂ ਜਿਮੀਆਂ ਕਰਕੇ ਬਾਹਰਲੇ ਆਦਮੀ ਵਿਚ ਜਿਹੜੇ ਸਿਖ ਤੋਂ ਫਿਰਨ ਵਾਲੇ ਹੁਣ ਅਤੇ ਜਿਨ੍ਹਾਂ ਦੇ ਮੁਕਾਮ ਰਾਹਬਰਿ ਵਿਚ ਨਹੀਂ ਉਨ੍ਹਾਂ ਨਾਲ ਆਦਰ ਪ੍ਰੀਤ ਦਾ ਸੰਬੰਧ ਰਖਣਾ ਧਰਮ ਤੋਂ ਡੇਗ ਦੇਂਦਾ ਹੈ।

ਦੇਖ ਵਾਰ ੩੫ ਪੌੜੀ ੧੨, ੧੩, ੧੪, ੧੫ ਸਾਰੀ ਸਾਖੀ।੫੨੭।

ਗੁਰ ਉਪਦੇਸ਼ ਕਰਕੇ ਸਿਖ ਪ੍ਰਸੰਨ ਹੁੰਦੇ ਹਨ ਅਤੇ ਕਪਟੀ ਹਿਰਦੇ ਵਾਲਾ ਵਿਗੜ ਦੁਖਦਾ ਹੈ।

ਜੈਸੇ ਮੇਘ ਬਰਖਤ ਹਰਖਤ ਹੈ ਕ੍ਰਿਸਾਨ
ਬਿਲਖ ਬਦਨ ਲੋਧਾ ਲੋਨ ਗਰਤ ਹੈ।

(ਕ੍ਰਿਸਾਨ) ਜਟ। ਜਿਵੇਂ ਮੀਂਹ ਵਰ੍ਹਦਿਆਂ ਜਟ ਖੁਸ਼ੀ ਹੁੰਦਾ ਹੈ ਅਤੇ ਲੂਣਵਾਰ ਦਾ ਜੇ ਲੂਣ ਗਲਕੇ ਗਲ ਜਾਂਦਾ ਹੈ।

ਜਟ ਜੋ ਮੀਂਹ ਵਸਾਏ ਰੁਠੇ ਲੁਣਾਹਾ। (ਵਾਰ ੩੪ ਪੌੜੀ ੫)

ਜੈਸੇ ਪਰਫੁਲਤ ਹ੍ਵੈ ਸਕਲ ਬਨਾਸਪਤੀ
ਸਿੰਮਲ ਜਵਾਸੋ ਆਕ ਮੂਲ ਮੁਰਝਾਤ ਹੈ।

ਜਿਵੇਂ (ਪ੍ਰਫੁਲਤ ਹੋਕੇ ਬਲਾ ਨਾਲ) ਸਾਰੀ ਬਨਾਸਪਤੀ ਖਿੜਦੀ ਹੈ ਅਤੇ ਜਵਾਹਾਂ ਸੁਕ ਜਾਂਦਾ ਹੈ ਅਤੇ ਅਕ ਦਾ ਮੂਲ (ਮੁਢ) ਕੁਮਲਾ ਜਾਂਦਾ ਹੈ।

ਸਾਵਣ ਵਣ ਹਰੀਆਵਲੇ ਸੁਕੈ ਅਕ ਜਵਾਹਾ। (ਵਾਰ ੩੧ ਪੌੜੀ ੩)

ਜੈਸੇ ਤੌ ਸਰੋਵਰ ਪੂਰਨ ਬਿਮਲ ਜਲ
ਊਚ ਸਿਰ ਦਾਦਰ ਨ ਜਲ ਨਿਹਾਰਤ ਹੈਂ।

ਜਿਵੇਂ (ਬਿਮਲ ਜਲ ਬਰਖਾ ਦੇ ਪਾਣੀ ਨਾਲ) ਛੋਟ ਛੋਟੀ ਜਾਂ ਭਰ ਜਾਂਦੇ ਹਨ ਅਤੇ ਡੱਡੂ ਨਿਰਮਲ ਵਿਚ ਪਾਣੀ ਨਹੀਂ ਵਿਹਲਾ।

ਡਡੂ ਨੀਰ ਨ ਜਾਣਈ ਅੰਦਰ ਕਵਲ ਕਵਲਿਆ। (ਵਾਰ ੩੪ ਪੌੜੀ ੬)

ਗੁਰ ਉਪਦੇਸ ਪਰਵੇਸ ਗੁਰਸਿਖ ਰਿਦੈ
ਸਾਕਤਿ ਸਕਤਿ ਮਨ ਸੁਨ ਸਕੁਚਾਤ ਹੈ ॥੫੨੮॥

ਜਿਕੁਰ ਜੋ ਗੁਰ ਸਿਖ ਹੈ, ਰਿਦੇ ਵਿਚ ਤਾਂ ਗੁਰਾਂ ਦਾ ਉਪਦੇਸ ਪ੍ਰਵੇਸ਼ ਕਰ ਜਾਂਦਾ ਹੈ ਪਰ ਜੋ ਕਠੋਰ ਰਿਦੇ ਵਾਲੇ (ਸਕਤਿ) ਸ਼ਕਤੀ (ਮਾਇਆ) ਵਿਚ ਆਸਕਤ ਹੋਏ ਹੋਏ ਹਨ ਉਨ੍ਹਾਂ ਦਾ ਮਨ (ਗੁਰ ਉਪਦੇਸ਼ ਨੂੰ) ਸੁਣਕੇ ਸੁੰਗੜ ਜਾਂਦਾ ਹੈ। ਵੇਖੋ ੩੮ ਵਾਰ ਦੀਆਂ ਅੰਤਰੀਆ ਪੰਗਤੀਆਂ।

ਗੁਰਾਂ ਵਿਚ ਕੋਈ ਦੋਸ਼ ਨਹੀਂ ਪਰ ਮਨਮੁਖ ਇਕੁਰ ਬੇਗਾਨੇ ਹੀ ਰਹਿੰਦੇ ਹਨ ਅਤੇ ਹੋਰ ਸਾਰਾ ਜਗਤ ਇਕੁਰ ਗੁਣਵਾਲਾ ਹੋ ਜਾਂਦਾ ਹੈ।

ਜੈਸੇ ਰਾਜਾ ਰਵਨ ਅਨੇਕ ਰਵਨੀ ਸਹੇਤ
ਸਕਲ ਸਪੂਤੀ ਏਕ ਬਾਂਝ ਨ ਸੰਤਾਨ ਹੈ।

ਜਿਕੁਰ ਰਾਜਾ ਵਿਆਹੀਆਂ ਸਾਰੀਆਂ ਇਸਤ੍ਰੀਆਂ ਨਾਲ ਇਕੋ ਜਿਹਾ ਪਿਆਰ ਕਰਕੇ ਰਮਦਾ ਹੈ ਅਤੇ ਸਾਰੀਆਂ ਹੀ ਪੁਤ੍ਰਾਂ ਵਾਲੀਆਂ ਹੋ ਜਾਂਦੀਆਂ ਹਨ ਪਰ ਇਕ ਬਾਂਝ ਦੇ ਘਰ ਔਲਾਦ ਨਹੀਂ ਹੁੰਦੀ।

ਸੈਂਸ ਸਪੁਤ੍ਰੀ ਨ ਦੋਸ਼ੀ ਕਰਤਾਰੇ ਭੰਡੇ। (ਵਾਰ ੩੫ ਪੌੜੀ ੭)

ਸੀਚਤ ਸਲਿਲ ਜੈਸੇ ਸਫਲ ਸਕਲ ਦ੍ਰੁਮ
ਨਿਹਫਲ ਸੇਂਬਲ ਸਲਿਲ ਨਿਦਾਨ ਹੈ।

(ਸਲਿਲ) ਪਾਣੀ। (ਦ੍ਰੁਮ) ਬ੍ਰਿਛ। ਜਿਕੁਰ ਪਾਣੀ ਸਿੰਜਣ ਨਾਲ ਸਾਰੇ ਬ੍ਰਿਛ ਸਹਤ ਫਲਾਂ ਦੇ ਹੋ ਜਾਂਦੇ ਹਨ ਅਤੇ ਸਿੰਮਲ ਰੁਖ ਨਿਫਲਾ ਹੀ ਰਹਿੰਦਾ ਹੈ ਪਰ ਪਾਣੀ ਦਾ ਇਸ ਵਿਚ ਕੋਈ ਔਗੁਣ ਨਹੀਂ।

ਸਫਲ ਫਲੰਦੇ ਬਿਰਖ ਸਭ ਸਿੰਮਲ ਅਫਲ ਰਹੇ ਅਹੰਕਾਰਾ।

ਵੇਖੋ ੨੫ ਵਾਰ ਦੀ ੨ ਪਉੜੀ ੪ ਪੰਗਤੀ। ਹੋਰ ਵਾਰ ੨੧ ਪੌੜੀ ੫ ਪੰਗਤੀ ੪

ਦਾਦਰ ਕਮਲ ਜੈਸੇ ਏਕ ਸਰਵਰ ਬਿਖੈ
ਉਤਮ ਅਉ ਨੀਚ ਬੀਚ ਦਿਨਕਰ ਧਯਾਨ ਹੈ।

(ਦਾਦਰ) ਡੱਡੂ। (ਸਰਵਰ) ਤਾਲ। (ਬੀਚ) ਵਿਚ। (ਦਿਨਕਰ) ਸੂਰਜ। ਜਿਕੁਰ ਡੱਡੂ ਅਤੇ ਕੌਲ ਇਕ ਤਾਲ ਵਿਚ ਰਹਿੰਦੇ ਹਨ ਕੌਲ ਸੂਰਜ ਦਾ ਧਿਆਨ ਕਰਕੇ ਉਤਮ ਅਤੇ ਡੱਡੂ ਚਿੱਕੜ ਦਾ ਧਿਆਨ ਕਰਕੇ ਨੀਚ (ਰਹਿ ਗਿਆ ਪਰ ਤਾਲ ਦਾ ਕੋਈ ਦੋਸ਼ ਨਹੀਂ ਹੈ)

ਦਾਦਰ ਤੂੰ ਕਬਹਿ ਨਾ ਜਾਨਸਿ ਰੇ।

ਪ੍ਰਥਮ ਸਿਖਾਲ ਕਾਸਮ ਹਿਤ ਮਨ ਸਫਲ।
ਖੁਸ਼ਬੋਦਾਰ ਸੁਗੰਧ ਪ੍ਰਤੱਖ ਚੰਦਨ ਦੀ ਭੂਤ ਸੰਗ ਸਿੰਘ ਉੱਤੇ ਬਰਦਾਰ ਖੁਸ਼ਬੋ ਨੂੰ

ਤੈਸੇ ਗੁਰ ਚਰਨ ਸਰਨ ਹੈ ਸਕਲ ਸ੍ਰਿਸ਼ਟਿ
ਚੰਦਨ ਬਨਾਸਪਤੀ ਬਾਸ ਉਨਮਾਨ ਹੈ ॥੫੧੯॥

ਤਿਵੇਂ ਹੀ ਗੁਰ ਚਰਨ ਸ਼ਰਨ ਸਾਰਾ ਜਗਤ ਆਕੇ ਇੱਕੁਰ (ਸੁੱਖ) ਲੀਂਦਾ ਹੈ ਤੇਹਾ ਫਲ ਕਰਮਾਨੁਸਾਰ ਲੈਂਦਾ ਹੈ, ਜਿੱਕੁਰ ਚੰਦਨ ਦੇ ਨਿਕਟ ਪਾਸ ਸਾਰੀ ਬਨਾਸਪਤੀ ਅਤੇ ਬਾਸ ਦਾ ਵਿਚਾਰ ਹੈ, ਬਾਂਸ ਪਿੱਪਲ ਦਰਖਤ ਤਾਂ ਚੰਦਨ ਪਾਸ ਰਹਿਕੇ ਸੁਗੰਧੀ ਵਾਲੇ ਹੋ ਜਾਂਦੇ ਹਨ ਪਰ ਬਾਂਸ ਨਹੀਂ ਹੁੰਦਾ ਤਿੱਕੁਰ ਹੀ ਸਾਰੇ ਲੋਕ ਗੁਰਾਂ ਪਾਸ ਰਹਿਕੇ ਭਗਤੀ ਵਾਲੇ ਹੋ ਜਾਂਦੇ ਹਨ ਪਰ ਇਕ ਮਨਮੁਖ ਨਹੀਂ ਹੁੰਦਾ ॥੫੧੯॥

ਵਾਰ ੩੬ ਪੌੜੀ ੨, ੪ ਅਤੇ ਵਾਰ ੨੪. ੩੫ ਦੀਆਂ ਸਾਖੀਆਂ ਦੇ ਪੌੜੀਆਂ ਦੇਖੋ

ਉਪਰੋਕਤ ਜੇਹੜੇ ਸਿਖਾਂ ਨੇ ਗੁਰਾਂ ਪਾਸੋਂ ਕੁਝ ਨਹੀਂ ਲੀਤਾ ਹੈ ਉਨ੍ਹਾਂ ਨੂੰ ਦੋ ਦ੍ਰਿਸ਼ਟਾਂਤ ਦਿੰਦੇ ਹਨ (ਇਹਨਾਂ ਦੀ ਦਸ਼ਾ ਤਾਂ ਓਹ ਜਿੱਕੁਰ ਆਖਕੇ ਪ੍ਰਗਟ ਕਰਦੇ ਹਨ)

ਜੈਸੇ ਤੌ ਬਹੁਤ ਬਿਲਲਾਤ ਮਾਤ ਮਿਲਬੇ ਕੋ
ਆਪਨ ਕੈ ਬਸ ਕਛੂ ਬਨੁ ਨ ਬਸਾਤ ਹੈ।

ਜਿੱਕੁਰ ਬੱਚਾ ਮਾਂ ਦੇ ਮਿਲਨ ਨੂੰ ਤਰਸਦਾ ਹੈ ਪਰ ਰੋਗਿਆਂ ਦੇ ਦਸਪਈ ਹੋਏ ਦਾ ਕੁਝ ਵਸ ਨਹੀਂ (ਬਸਾਤ) ਚੱਲਦਾ।

ਜੈਸੇ ਤੌ ਬਿਦੇਸੀ ਚਾਹੈ ਭਵਨ ਗਵਨ ਕੀਓ
ਪਰ ਬਸ ਪਰੇ ਬਿਲਲਾਤ ਹੀ ਬਿਹਾਤ ਹੈ।

ਜਿੱਕੁਰ ਵਿਦੇਸੀ ਘਰ ਨੂੰ ਜਾਣਾ ਚਾਹੁੰਦਾ ਹੈ ਪਰ ਪਰਾਏ ਵਸ ਪਏ ਹੋਣ ਕਰਕੇ (ਉਸਦਾ ਓਹ ਸਮਾਂ) ਆਹ ਭਰ ਭਰਕੇ ਹੀ ਗੁਜ਼ਰ ਜਾਂਦਾ ਹੈ (ਜਿਹਾ ਕੈਦ ਦਾ ਹੁੰਦਾ ਹੈ)।

ਜੈਸੇ ਬਿਰਹਨੀ ਪ੍ਰਿਆ ਸੰਗਮ ਸਨੇਹ ਚਾਹੈ
ਲਾਜ ਕੁਲ ਅੰਕਸ ਕੈ ਦੁਰਬਲ ਗਾਤ ਹੈ।

ਜਿੱਕੁਰ ਪਤਿਬ੍ਰਤ ਧਰਮ ਵਾਲੀ ਨਾਰੀ ਪਿਆਰੇ ਪਤੀ ਨਾਲ ਪ੍ਰੇਮ ਕਰਨਾ ਚਾਹੁੰਦੀ ਹੈ ਪਰ ਜਿੱਕੁਰ ਹਾਥੀ ਕੁੰਡੇ ਦੇ ਵਸ ਬੱਧਾ ਹੁੰਦਾ ਹੈ ਉੱਕਰ ਹੀ ਓਹ ਕੁਲ ਦੀ ਲੱਜਿਆ ਰੂਪ ਕੁੰਡੇ ਕਰਕੇ ਬੱਧੀ ਹੁੰਦੀ ਹੈ ਅਤੇ ਵੇਸੇ ਲਾਗੀ ਉਸਦਾ ਸਰੀਰ ਮਾੜਾ ਹੁੰਦਾ ਜਾਂਦਾ ਹੈ।

ਤੈਸੇ ਗੁਰ ਚਰਨ ਸਰਨਿ ਸੁਖ ਫਲੇ *ਸਿਖ
ਆਗਯਾ ਬੰਧ ਰਹਤ ਬਿਦੇਸ ਅਕੁਲਾਤ ਹੈ ।੫੨੦

ਤਿਵੇਂ ਹੀ ਗੁਰ ਚਰਨ ਸਰਨ ਦਾ ਸੁਖ ਸਿਖ ਪਾਉਂਦੇ ਹਨ, ਪਰ ਗੁਰਾਂ ਦੀ ਆਗਿਆ ਦੇ ਬੰਨ੍ਹੇ ਹੋਏ ਪਰਦੇਸ ਵਿਚ ਰਹਿੰਦੇ ਭੀ ਹਨ, ਪਰ ਵਿਆਕੁਲ ਬਣੇ ਰਹਿੰਦੇ ਹਨ ॥ ੫੨੦ ॥

ਸਿਖ ਆਪਣੀ ਨਿਮ੍ਰਤਾ ਦੁਆਰਾ ਸਤਗੁਰਾਂ ਅਗੇ ਬੇਨਤੀ ਕਰਦੇ ਹਨ ਅਤੇ ਸਿਖਾਂ ਨੂੰ ਨਿੰਮ੍ਰਤਾ ਦਾ ਤਰੀਕਾ ਦਸਦੇ ਹਨ

ਪਰਤਨ ਪਰਧਨ ਪਰ ਅਪਵਾਦ ਭਾਇ
ਸ੍ਵਾਨ ਸ੍ਯਾਨ ਚੋਰ ਪਰਪੰਚ ਹੀ ਕਮਾਤ ਹੈ ।

ਪਰਾਏ ਤਨ ਸਰੀਰ, ਪਰਾਇਆ ਧਨ ਲੈਣ ਲਈ ਕੁਤੇ ਵਾਂਗ ਚੋਰ ਛਲ ਕਰਦੇ ਛਲ ਹੀ ਕਮਾਂਦੇ ਹਨ । ਚੋਰ ਵਾਂਗ ਸੁਭਾਉ ਹਥਿਆਰ ਧਾਰ ਜਿੰਦਾ ।
(ਵਾਰ ੩੬ ਪਉੜੀ ੨੧ ਪੰਗਤੀ ੨)

ਮਿੱਤ੍ਰ ਗੁਰ, ਸ੍ਵਾਮਿ, ਦ੍ਰੋਹ, ਕਾਮ, ਕ੍ਰੋਧ, ਲੋਭ, ਮੋਹ
ਲੋਭਧ੍ਰ, ਬਧੂ, ਬਿਸ੍ਵਾਸ, ਦ੍ਰੋਹ, ਖਿਧੂ, ਘਾਤ ਹੈ ।

੧ ਦੋਸਤ ੨ ਗੁਰੂ ੩ ਸੁਆਮੀ ਨਾਲ ਦ੍ਰੋਹ (ਛਲ) ਕਰਨਾ ਅਤੇ ੪ ਕਾਮ ੫ ਕ੍ਰੋਧ ੬ ਲੋਭ ੭ ਮੋਹ ਕਰਕੇ (ਜੀ ਭਾਵ) ਲਈ ਦਾ ਮਾਰਨਾ ਆਪ (ਬਧੂ) ਵਿਸ ਕੀ ਬੇ ਵਿਸ਼ਵਾਸ ਕਰਨਾ ਅਤੇ (ਵਾਰ ਵਾਹਰ ਆਪਣੀ ਬੰਸ ਦੇ ਬਾਪਅਤਾਂ ਦਾ (ਘਾਤ) ਨਾਸ ਕਰਨਾ (ਵੇਖੋ ਵਾਰ ੩੬ ਪਉੜੀ ੨੧ ਸਾਰੀ) ।

ਹੇਰਾ ਸਿਖ ਤੂੰ ਬਿਪੀਤ ਅਪਨਾ ਚਹਿਤ ਭਿਤ੍ਰ
ਜਨਮ ਮਰਨ ਜਮ ਲੋਕ ਬਿਲਲਾਤ ਹੈ ।

ਲੋਗੀ ੧ ਮੀਤ ੨ ਵਿਗੜਿਆਂ ਹੋਇਆ ੩ ਵਿਪਰਤਾ ਵਾਲਾ ੪ ਚੰਗਾ ੫ ਦੇਖ ੬ ਜਿਨ੍ਹਾਂ ਹੋਣ ਕਰਕੇ ਜਨਮ ਮਰਨ ਦੇ ਦੁਖ ਅਤੇ ਜਮਲੋਕ ਵਿਚ ਕਿ ਰੋਂਦੇ ਕੁਰਲਾਂਦੇ ਹਨ ॥

ਤ੍ਰਿਭਵਨ ਬਿਸਖ ਬਿਖਜਾਦੀ ਕੈਹਿ ਦੇਖੀ ਹੋਨ

ਨੋਟ — ਇਹ ਕਬਿਤ ਬਾਹਰਲਾ ਅਪਣੀ ਰਸਾ ਦੇ ਉਦਾਹਰਣ ਹੋਇਆ ਪੜ੍ਹਿਆ ਸੁਝਦਾ ਹੈ ਕਿਉਂਕਿ ਆਪ ਲਿਖਦੇ ਹੈਂ ...

ਅਧਮ ਅਸੰਖ ਐਸੇ ਤੋਂਸ ਨ ਪੁਜਾਤ ਹੈ ॥੫੮੨॥

[illegible] ॥੫੮੨॥

ਮੂਲ ਕਬਿੱਤ

ਤ੍ਰਿਯਾ ਕੇ ਸਿੰਗਾਰ ਭਿਭਚਾਰ ਕੋ ਨ ਪਾਰ ਪਾਵੈ

ਬਿਨ ਭਰਤਾਰ ਨਾਰੀ ਨਾਰ ਕੈ ਬੁਲਾਈਐ ।

[illegible] ॥

ਚਤੁਰ ਸੈਤ ਜੀਵ ਘਾਤੁ ਕਰ ਖਾਤ ਕੇਤੇ ਕੋ ਹੈ

ਮੋਨ ਗਹਿ ਪਸ਼ਾਨ ਧਰੇ ਮੁਕਤਿ ਨ ਪਾਈਐ ।

(ਸਿਧਾਂਤ) [illegible] ॥

ਭਾਂਡ ਕੀ ਭੰਡਾਈ ਮੈ ਬੁਰਾਈ ਨ ਬਨਤ ਆਵੈ

ਅਤਿ ਹੀ ਢਿਠਾਈ ਸਮੁਝਤ ਨ ਲਜਾਈਐ ।

(ਸਿਧਾਂਤ) [illegible] ॥

ਤੈਸੇ ਔਰ ਤਨ ਧਨ ਦੂਖਨ ਤ੍ਰਿਦੋਖ ਅਮ

ਅਧਮ ਅਸੰਖ ਐਸੇ ਤੋਸ ਨ ਪੁਜਾਈਐ ॥ ੫੮੩॥

[illegible]

ਨਾਲੋਂ ਵਡਾ ਪਾਪੀ ਹਾਂ ॥ ੫੨੮ ॥

ਮੇਰੇ ਜੇਹੇ ਵਡੇ ਪਾਪੀ ਨੂੰ ਜਿਨਾਂ ਦੁਖ ਮਿਲੇ ਉਨਾਂ ਹੀ ਥਿਊਰ ਥੋੜਾ ਹੈ

ਜੈਸੇ ਚੋਰ ਚਾਹੀਐ ਚੜਾਯੋ ਸੂਰੀ ਚੌਹਟਾ ਮੈ
ਉਹਉ ਫੁਰਮਾਨਿ ਛਾਡਿਓ ਤਉ ਕਹਾ ਮਾਰ ਹੈ।

(ਉਹਉ) ਉਹ ਤਾਂ। ਜਿਸ ਤਰਾਂ ਚੋਰ ਨੂੰ ਚੁਰਸਤੇ ਵਿਚ ਸੂਲੀ ਚੜਾਣਾ ਚਾਹੀਦਾ ਸੀ ਪਰ ਜੇ ਇਕ ਦੋ ਚੁਪੇੜਾਂ ਲਾ ਕੇ ਛੱਡ ਦਿਤਾ ਜਾਏ ਤਾਂ ਕਿਆ ਓਹ ਮਰ ਸਕਦਾ ਹੈ ਯਾ ਉਸ ਨੂੰ ਓਹ ਚੋਰੀ ਦੀ ਸਜਾ ਦੀ ਸੂਲੀ ਦੇ ਬਰਾਬਰ ਦੁਖ ਹੋ ਸਕਦਾ ਹੈ॥

ਖੋਟ ਸਰੀਓ ਨਿਕਾਰਨੋ ਚਾਹੀਐ ਨਗਰ ਹੂੰ ਤੇ
ਤਾਕੀ ਓਰ ਮੋਰ ਮੁਖ ਬੈਠੇ ਕਹਾਂ ਆਰ ਹੈ।

ਜਿਵੇਂ ਸ਼ਹਿਰ ਤੋਂ ਬਦਖਿਲਾਫ਼ ਖੋਟੇ ਆਦਮੀ ਨੂੰ ਪਿੰਡੋਂ ਕਢਣਾ ਹੀ ਚਾਹੀਦਾ ਹੈ ਪਰ ਜੇਕਰ ਉਸ ਦੀ (ਓਰ) ਵਲੋਂ ਮੂੰਹ ਮੋੜ ਕੇ ਬਹਿ ਜਾਏ (ਕੋਈ ਸਜ਼ਾ ਦੇਣ ਵਾਲਾ) ਤਾਂ ਕਿਆ ਉਸਨੂੰ ਜਿਤਨਾ ਕੁ (ਆਰ) ਆਰਾ ਲਕੜ ਨੂੰ ਦੁਖ ਦੇਂਦਾ ਹੈ ਓਨਾਂ ਕੁ ਦੁਖ ਓਹਨੂੰ ਹੋ ਸਕਦਾ ਹੈ ਭਾਵ ਓਹ ਤਾਂ ਐਵੇਂ ਹੀ ਛੁਟ ਜਾਂਦਾ ਹੈ॥

ਮਹਾਂ ਬਜ੍ਰ ਭਾਰ ਡਾਰਨੋ ਚਾਹੀਐ ਜੋ ਹਾਥੀ ਪਰ
ਤਾਂਹਿ ਸਿਰ ਛਾਰ ਕੇ ਉਡਾਇ ਕਹਾ ਭਾਰ ਹੈ।

ਜਿਵੇਂ ਭਾਰਲੇ ਪਥਰਾਂ ਦਾ ਭਾਰ ਹਾਥੀ ਤੇ ਪੌਣਾ ਚਾਹੀਦਾ ਸੀ (ਉਸ ਦੇ ਬਜਾ) ਜਿਸਦੇ ਸਿਰ ਉਤੇ ਦੀ ਸੁਆਹ ਉਡਾਕੇ ਘਰੇ ਨੂੰ ਸੁਟ ਦੇਈਏ ਤਦ ਕਿਆ ਉਸਨੂੰ ਕੁਝ ਭਾਰ ਹੋ ਸਕਦਾ ਹੈ॥

(ਉਵੇਂ ਹੀ) ਜਿਸ ਮੇਰੇ ਵਰਗੀ ਪਾਪੀ ਨੇ ਭਾਰਲੇ ਪਾਪ ਕੀਤੇ ਹੋਣ ਤਾਂ ਉਸਨੂੰ ਤੁਸੀਂ ਭਾਰੀ ਸਜਾ ਦੇਣੀ ਚਾਹੀਦੀ ਸੀ ਜੇਕਰ ਐਵੇਂ ਹੀ ਛਡ ਦੇਣ ਨਾਲ ਕਿਆ ਉਸਨੂੰ ਕੁਝ ਭਾਰ ਹੋ ਸਕਦਾ ਹੈ॥

ਤੈਸੇ ਹੀ ਪਤਿਤ ਪਗਿ ਕੋਟਨ ਪਾਸੰਗ ਭਰ
ਮੋਹ ਜਮ ਡੰਡ ਔ ਨਰਕ ਉਪਕਾਰ ਹੈ ॥੫੨੯॥

ਇਵੇਂ ਹੀ ਮੈਂ ਪਾਪੀਆਂ ਦਾ ਵਡਾ ਪਾਪੀ ਹਾਂ ਅਤੇ ਕਰੋੜਾਂ ਹੀ ਪਾਪੀ ਮੇਰੇ ਪਾਸਕੂ ਬਰਾਬਰ ਤਕੜੀ ਵਿਚ ਤੁਲਣੇ ਨਹੀਂ ਤੁਲ ਸਕਦੇ ਕਿਆ (ਮੈਂ ਪਾਪਾਂ ਕਰ ਭਾਰਾ ਹਾਂ) ਅਤੇ ਨਾਂ ਹੀ ਮੈਨੂੰ ਜਮਾਂ ਦੇ (ਮੋਹਲੇ) ਦਾ ਡੰਡੇ

ਸੁਘਾਦੇ ਹਨ ਸਗੋਂ ਓਹਨੂੰ ਨਰਕ ਵਿਚ ਪੀੜਾਂ ਭੀ ਭੁਗਤਾਉਂਦਾ ਹੈ ਇਸੇ ਤਰ੍ਹਾਂ ਕੋਈ ਚੋਰੀ ਕਰਕੇ ਹੋਰ ਕਿਸੇ ਦੇ ਨਾਉਂ ਲਾ ਦੇਵੇ ਤਾਂ ਉਹ ਇਵੇਂ ਬਚ ਨਹੀਂ ਸਕਦਾ ॥

ਜੈਸੇ ਚੋਰ ਚੋਰੀ ਕੈ ਬਤਾਵੈ ਹੰਸ ਮਾਨਸਰ

ਭੂਲ ਕੈ ਨਾ ਜਾਇ ਘਰ ਮੂਤੀ ਦਾਰੁ ਮਾਰੀਐ ।

ਜਿਵੇਂ ਕੋਈ (ਬਗਲਾ ਭਗਤ) ਚੋਰ ਚੋਰੀ ਕਰਕੇ ਦੱਸੇ ਕਿ (ਮਾਨ ਸਰੋਵਰ ਵਾਲੇ ਹੰਸਾਂ) ਭਲੇ ਮਾਨਸਾਂ ਨੇ ਕੀਤੀ ਹੈ ਅਤੇ (ਮੈਂ ਨਹੀਂ) ਏ ਭੁਲ ਕੇ ਘਰ ਨਹੀਂ ਜਾਂਦਾ ਉਸਨੂੰ ਓਸੇ ਵੇਲੇ ਸੂਲੀ ਤੇ ਚਾੜ੍ਹਕੇ ਮਾਰ ਦਿੰਦੇ ਹਨ ॥

ਬਾਟਮਾਰ ਬਾਟਪਾਰ ਬਗ ਮੀਨ ਜੌ ਬਤਾਵੈ

ਤਤਖਿਨ ਤਤਕਾਲ ਮੂੰਡ ਕਾਟ ਡਾਰੀਐ ।

(ਬਗ) ਮੀਨ । (ਬਗਲਾ) ਮਛੀ । ਜਿਵੇਂ ਬਗਲਾ ਮਛੀਆਂ ਨੂੰ ਮਾਰਕੇ ਹੋਰ ਕਿਸੇ ਦਾ ਨਾਮ ਲਏ ਤਾਂ ਬਗਲੇ ਨੂੰ ਹੀ ਮਾਰਿਆ ਜਾਂਦਾ ਹੈ ਇਵੇਂ ਹੀ ਜੇ ਰਾਹਮਾਰ ਰਸਤੇ ਵਿਚ ਕਿਸੇ ਨੂੰ ਲੁਟਕੇ ਹੋਰ ਕਿਸੇ ਦਾ ਨਾਂ ਲਵੇ ਤਾਂ ਉਸ ਵੇਲੇ ਉਸਦਾ ਛੇਤੀ ਨਾਲ ਸਿਰ ਵਢ (ਕੁਟ) ਦਿਤਾ ਜਾਂਦਾ ਹੈ ॥

ਜੈਸੇ ਪਰਦਾਰਾ ਭਜ ਮ੍ਰਿਗਨ ਬਤਾਵੈ ਬਿਟੂ

ਲਾਲ ਨਾਕ ਬੰਡ ਡੰਡ ਨਗਰ ਨਿਕਾਰੀਐ ।

ਜਿਵੇਂ ਜੇ ਕੋਈ ਪਰਾਈ ਇਸਤ੍ਰੀ ਨਾਲ ਭੋਗ ਕਰਕੇ (ਹਰਨਾਂ ਦੇ ਪੁਤ੍ਰਾਂ) ਕਿਸੇ ਜੰਗਲ ਵਿਚ ਰਹਿਣ ਵਾਲੇ ਮਹਾਤਮਾ ਦਾ ਨਾਮ ਲੈ ਦੇਵੇ ਤਾਂ ਉਸੇ (ਸ਼ਹਿਰ ਕੋਤਵਾਲ ਤੇ ਪਰਾਈ ਇਸਤ੍ਰੀ ਰਮਣ ਵਾਲੇ) ਦਾ ਨੱਕ ਕੰਨ ਕੱਟ ਕੇ ਕਰਕੇ ਤੇ ਡੰਡ ਦੇਕੇ (ਘਰ ਬਾਰ ਲੁਟਕੇ) ਪਿੰਡੋਂ ਕਢ ਦੇਂਦੇ ਹਨ

ਚੋਰੀ ਬਾਟਪਾਰੀ ਪਰਨਾਰੀ ਕੈ ਬ੍ਰਿਦੰਪ ਸਮ

ਨਰਕ ਅਰਕ ਸੁਤ ਡੰਡ ਹੇਤ ਹਾਰੀਐ ॥੫੨੪॥

---

* ਪਿਆਰੇ ਭਰਾਵੋ ਇਹਨਾਂ ਅਖਰਾਂ ਦੇ ਅਰਥ ਕਰਦਿਆਂ ਮੇਰੀ ਕਲਮ ਕੰਬਦੀ ਹੈ ਪਰ ਅਖਰਾਂ ਨਾਲ ਕੁਝ ਪੇਸ਼ ਨਹੀਂ ਜਾਂਦੀ ਕਿਉਂ ਕਿ ਏਹਨਾਂ ਦਾ ਅਰਥ ਇਹੋ ਹੀ ਹੈ ਪਰ ਤੁਸਾਂ ਨੇ ਕੁਝ ਹੋਰ ਦੂਸਰੇ ਨਾ ਸਮਝਣਾ, ਕਿਉਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਦੀ ਇਵੇਂ ਹੀ ਲਿਖਿਆ ਹੈ ਅਤੇ ਪਿਆਰੇ ਭਰਾਵਾਂ ਨੂੰ ਭਾਈ ਜੀ ਦੀ ਕਥਾ ਤਰੀਕਾ ਉਮੈਦ ਹੈ ।

ਕੋਹੀ ੧ ਰਹਮਾਨੀ ੨ ਪਰਾਈ ਇਸਤ੍ਰੀ ਦਾ ਭੋਗਣਾ ੩ ਇਹ ਤੇ ਏਥ ਮੈਂ ਇਹ ਹੋ ਧਨ ਇਸ ਲਈ ਨਰਕ ਵਿਚ (ਅਤਕ ਸੁਤ) ਕੁਕਰਮ ਦਾ ਪੁਤ੍ਰ ਕਰਮ ਹਾਸ ਮੈਨੂੰ ਸਜਾ ਦੇਣਾ (ਜਾ ਡੰਡੇ ਮਾਰਦਾ) ਹਾਰ ਜਾਵੇ (ਥਿਆ ਥਕ ਜਾਵੇ) ਗੁ ਭਾਵ ਕੋਈ ਅਜਿਹਾ ਨਾ ਹੈ ਇਕ ਕੰਮ ਨਾਲ ਇਕਰਦਾ ਹਾਲ ਹੋਇਆਸੀ ਤੇ ਮੇਰੇ ਵਿਚ ਤਾਂ ਇਕੁਰ ਦੇ ਬਹੁਲੇ ਦੂਸ਼ਨ ਹਨ ਮੈਨੂੰ ਤਾਂ ਸਜਾ ਭੀ ਬਾਹਲੀ ਚਾਹੀਦੀ ਹੈ ॥ ੫੨੪ ॥

ਮੈਂ ਗੁਰਾਂ ਦੇ ਪਾਸ ਰਹਿਕੇ ਗੁਰਾਂ ਦੀ ਮਹਿਮਾਂ ਇਕੁਰ ਨਹੀਂ ਜਾਣੀ ।

ਜਾਤ ਹੈ ਜਗਤ ਜੈਸੇ ਤੀਰਥ ਜਾਤ੍ਰਾ ਨਮਿਤ
ਮਾਝ ਹੀ ਬਸਤ ਬਗ ਮਹਿਮਾ ਨਾ ਜਾਨੀ ਹੈ ।

ਜਿਕੁਰ ਕੁਲ ਦੁਨੀਆ ਤੀਰਥਾਂ ਦੀ ਜਿਆਰਤ ਵਾਸਤੇ ਜਗਤ ਜਾਂਦਾ ਹੈ ਅਤੇ ਬਗਲਾ ਤੀਰਥ ਦੇ ਵਿਚ ਹੀ ਰਹਿੰਦਾ ਹੈ ਪਰ ਮਹਿਮਾ ਨਹੀਂ ਜਾਣਦਾ ਤੀਰਥ ਮੰਝ ਨਿਵਾਸ ਹੈ ਬਗਲਾ ਅਪਤੀਜਾ ॥ ਵਾਰ੩੬ ਪੌੜੀ ੧ ॥

ਪੂਰਨ ਪ੍ਰਗਾਸ ਭਾਸ ਕਰ ਜਗ ਮਗ ਜੋਤਿ
ਉਲੂ ਅੰਧ ਕੰਧ ਬੂਝੀ ਕਰਨੀ ਕਮਾਨੀ ਹੈ ।

(ਭਾਸਕਰ) ਕਿਰਨਾਂ ਦਾ ਪ੍ਰਕਾਸ਼ਕ ॥ ਸੂਰਜ ਆਪਣੀਆਂ ਕਿਰਨਾਂ ਦੁਆਰਾ ਸਾਰੇ ਪੂਰਾ ਚਾਨਣ ਜੋਤੀ ਦਾ ਕਿਲਕਣ ਵਾਲਾ ਕਰਦਾ ਹੈ (ਭਾਵ ਸਭ ਨੂੰ ਸੂਰਜ ਦਾ ਸੁਖ ਹੁੰਦਾ ਹੈ) ਪਰ ਉਲੂ ਅੰਨੇ ਸਰੀਰ ਵਾਲੇ ਨੇ ਖੋਟੀ ਕਮਾਈ ਕੀਤੀ ਹੈ (ਭਾਵ ਉਸਨੂੰ ਨਜ਼ਰ ਨਹੀਂ ਆਉਂਦਾ ਹੈ) ਘੁਘੂ ਸੁਝ ਨ ਸੁਝਈ ਕਰਮਾ ਦਾ ਹੀਣਾ । ਵਾਰ ੩੬ ਪੌੜੀ ੧ ॥ ਹੋਰ ਵੇਖੋ ਵਾਰ ੩੫ ਪੌੜੀ ੮ ਪੰਗਤੀ ੧ ॥

ਜੈਸੇ ਤੌ ਬਸੰਤ ਸਮੈ ਸਫਲ ਬਨਾਸਪਤੀ
ਨਿਹਫਲ ਸੇਂਬਲ ਬਡਾਈ ਉਰ ਆਨੀ ਹੈ।

ਜਿਕੁਰ ਬਸੰਤ ਰੁਤ ਦੇ ਦਿਨਾਂ ਵਿਚ ਦਰਖਤ ਫਲੇ ਹੁੰਦਿਆਂ ਪਰ (ਸਿੰਮਲ ਰੁਖ ਸਰਾਹਿਆ ਅਤਿ ਦੀਰਘ ਅਤਿ ਸੁਚਾ ਫਲੁ ਆਸਾ ਰਾਗ ॥(ਪ੍ਰਸੰਗ ਸਿੰਮਲ ਰੁਖ ਸਰੀਰ ਮੈ, ਮੈ ਜਨ ਦੇਖ ਭੁਲੰਨ (ਵਾਰ ੧ ਸੂਹੀ) ਸਿੰਮਲ ਰੁਖ ਨਿਸਫਲ ਹੀ ਰਹਿੰਦਾ ਹੈ ਕਿਉਂਕਿ ਉਸਨੇ ਆਪਣੇ ਹਿਰਦੇ ਵਿਚ ਆਪਣੀ ਲੰਮਾਣ ਦੀ ਵਡਿਆਈ ਆਣੀ (ਕਿਆ ਹੰਕਾਰ ਕੀਤਾ ਹੋਇਆ) ਹੈ । ਵੇਖ ਵਾਰ ੩੧ ਪੌੜੀ ੮ ਪੰਗਤੀ ੩ ॥ [illegible] ਫਲੇ ਬਿਰਖ ਸਭ ਸਿੰਮਲ ਅਫਲ ਰਹੈ ਅਭਿਮਾਨਾ । ਇਸਦੀ ਪਹਿਲੀ ਪੰਗਤੀ ਵੀ ਵੇਖੋ ਅਤੇ ੩੫ ਵਾਰ ੭ ਪੌੜੀ ਦੀ ੧ਪੰਗਤੀ ਵੀ ਵੇਖੋ ॥

ਮੋਹਿ ਗੁਰ ਸਾਗਰ ਮੈ ਚਾਖਿਓ ਨਹੀਂ ਪ੍ਰੇਮ ਰਸ
ਤ੍ਰਿਖਾਵੰਤ ਚਾਤ੍ਰਿਕ ਕੁਗਤਿ ਬਕ ਬਾਨੀ ਹੈ ॥੫੨੫

(ਸਾਗਰ) ਸਮੁੰਦ੍ਰ । ਮੈਂ ਪਪੀਹੇ ਦੀ (ਕੁਗਤਿ) ਚਾਲ, (ਬੁਗਲੇ) ਵਾਂਗੂ ਹਾਂ । ਜਿਵੇਂ ਪਪੀਹਾ ਭਰੇ ਹੋਇ ਸਮੁੰਦ੍ਰ ਦਾ ਪਾਣੀ ਛਡਕੇ ਬਰਖਾ ਦੇ ਪਾਣੀ ਨੂੰ ਪੀਓ ਪੀਓ ਕਰਦਾ ਰਹਿੰਦਾ ਹੈ ਅਤੇ ਤਿਸੇ ਨਾਲ ਹੀ ਰਜਦਾ ਨਹੀਂ ਹੈ ਤਿਵੇਂ ਹੀ ਮੈਂ ਗੁਰਾਂ ਦਾ ਦਰਸ਼ਨ ਨਾ ਪਾਇਆਂ ਅਤੇ ਨਾਂ ਹੀ ਉਨਾਂ ਦੇ ਪ੍ਰੇਮ ਰਸ ਦਾ ਅਨੰਦ ਲਿਆ ਪਰ ਬਾਹਰੋਂ ਸਿਖ ਆਖ ਕੇ ਕੇ (ਨਾਮ ਅੰਮ੍ਰਿਤ ਦਾ ਸਵਾਦ ਚਖ ਕੇ ਜੋ ਰਜੇ ਨਹੀਂ ਪਰ ਮੈਂ ਸਰਦਾਰ ਹੋ ਕਰਦਾ ਫਿਰਾਂ (ਭਾਵ ਮੈਂ ਲੋਕਾਂ ਨੂੰ ਉਪਦੇਸ਼ ਦਿੰਦਾ ਰਿਹਾ ਅਤੇ ਆਪ ਬਗੁਲੇ ਵਾਂਗੂੰ ਨਾ ਕਮਾਇਆ (ਜਿਵੇਂ ਦਾ ਅਜ ਕਲ ਉਪਦੇਸ਼ਕਾਂ ਦਾ ਹਾਲ ਹੈ) ॥ ੫੨੫ ॥

ਕਲਜੁਗ ਦੇ ਅਜਿਹੇ ਲੋਗ ਹਨ ਜੋ ਭਲਿਆਂ ਦੀ ਨਿੰਦਿਆ ਅਤੇ ਬੁਰਿਆਂ ਦੀ ਭਲਿਆਈ ਬਰਨਨ ਕਰਦੇ ਹਨ ॥

ਜੈਸੇ ਕਲਹਾਰਾ ਬਾਜ ਮਾਰਤ ਮਨੁਖ ਸਿਰ
ਬੋਲਤ ਹੈ ਬਾਦ ਤਾਂਹਿ ਕਹਤ ਅਜੋਗ ਜੀ ।

(ਬਾਜ) ਚਿੰਘਾੜ (ਚੀਕ) । ਜਿਵੇਂ (ਮੂਰਖ ਲੋਗ) ਬਾਜ ਜਾਂਗੀ ਚੋਗ ਮਾਰ ਕੇ ਆਦਮੀਆਂ ਨੂੰ ਮਾਰਦਾ ਹੈ ਅਤੇ ਸਿਰ ਵਿਚ ਸੁਆਹ ਸੁਟਦਾ ਹੈ ਤਾਂ ਉਸਨੂੰ (ਅਜੋਗ) ਬਿਨਾ ਰੋਗ ਤੋਂ ਆਖਦੇ ਹਨ ।

ਜੈਸੇ ਸੂਆ ਪਿੰਜਰੇ ਮੈ ਕਹਤ ਬਨਾਇ ਬਾਤੈਂ
ਪੇਖ ਸੁਨ ਕਹੈ ਤਾਂਹਿ ਰਾਜ ਗ੍ਰਿਹ ਜੋਗ ਜੀ ।

ਜਿਵੇਂ ਤੋਤਾ ਪਿੰਜਰੇ ਵਿਚ ਬਣਾ ਬਣਾ ਕੇ ਗੱਲਾਂ ਕਰਦਾ ਹੈ ਤਾਂ ਉਸ ਨੂੰ (ਮੂਰਖ ਲੋਕ ਪੇਖ) ਵੇਖਕੇ ਅਤੇ ਤਿਸਦੀਆਂ ਗਲਾਂ ਸੁਣਕੇ ਆਖਦੇ ਹਨ ਇਹ (ਤੋਤਾ) ਤਾਂ ਰਾਜੇ ਦੇ ਘਰ ਦੇ ਲਾਇਕ (ਅਰਥਾਤ ਰਾਜਿਆਂ ਗ੍ਰਿਹਾਂ ਦਾ ਹਾਲ ਦੱਸਣ ਵਾਲਿਆਂ ਹੋਣਿਆਂ) ਹੈ ।

ਤੈਸੇ ਸੁਖ ਸੰਪਤ *ਮਦਨ ਮੰਤ ਪਾਪ ਕਰੈ
ਤਾਂਹਿ ਕਹੈਂ ਸੁਖੀਆ ਰਮੰਤ ਰਸ ਭੋਗ ਜੀ ।

ਤਿਵੇਂ ਹੀ ਜੇਹੜਾ ਰਾਜ ਭਾਗ ਦੇ ਸੁਖ ਵਿਚ ਪੈਕੇ ਅਤੇ ਮਦਨ ਨੂੰ (ਮਦ)

---

* ਤੈਸੇ ਸੁਖ ਸੰਪੈ ਮਾਯਾ ਮਦਨ ਪਾਪ ਕਰੈ, ਇਹ ਭੀ ਪਾਠ ਹੈ ਹੈ।

ਹੰਕਾਰ ਨਾਲ ਮਸਤ ਸੋਰਕੇ ਦਾ (ਅਰਥਾਤ ਕਾਮ ਵਾਸ਼ਨਾ) ਆਦਕ ਵਿਚ ਐਸਾ ਹੋਕੇ ਪਾਪ ਕਰੇ ਤਿਸਨੂੰ (ਪੁਰਖ ਲੋਕ) ਆਖਦੇ ਹਨ ਏਹ ਸੁਖੀਆਰੀ ਅਤੇ ਵਾਹਿਗੁਰੂ ਦੇ (ਰਸ) ਅਨੰਦ ਨੂੰ ਰਮਦਾ ਅਤੇ ਭੋਗਦਾ ਹੈ ਭਾਵ ਵਾਹਿਗੁਰੂ ਦੇ ਆਸ਼ੇ ਵਿਚ ਫਿਰਦਾ ਹੈ ਅਤੇ ਨਾਮ ਰਸ ਨੂੰ ਲੈਂਦਾ ਹੈ ।

ਜਤੀ ਸਤੀ ਔ ਸੰਤੋਖੀ ਸਾਧਨ ਕੀ ਨਿੰਦਾ ਕਰੈ

ਉਲਟੋਈ ਗਿਆਨ ਧਿਆਨ ਹੈ ਅਗਿਆਨ ਲੋਗ ਜੀ॥੫੨੯

ਜਤੀ ਸਤੀ ਅਤੇ ਸੰਤੋਖੀਆਂ ਸੰਤਾਂ ਦੀ ਨਿੰਦਿਆ ਕਰਦੇ ਹਨ ਇਹਨਾਂ ਦਾ ਅਗਿਆਨੀਆਂ ਲੋਕਾਂ ਦੇ ਗਿਆਨ ਦਾ ਧਿਆਨ ਪੁਠਾ ਹੀ ਹੈ ॥ ੫੨੯ ॥

ਹੇ ਸੁਆਮੀ ਅਕਾਲ ਪੁਰਖ ਤੇਰੇ ਬਰਾਬਰ ਅਸੀ ਇਕਠੇ ਨਹੀਂ ਹੋ ਸਕਦੇ।

***ਸਵੈਯਾ॥ ਜੌ ਗਰਬੈ ਜਲੁ ਬੂੰਦ ਨਿਰੰਤਰਿ**

ਸਨ ਮੁਖ ਸਿੰਧੁ ਸੋਭਾ ਨਹੀਂ ਪਾਵੈ।

ਜੇ ਇਕ ਬੂੰਦ ਪਾਣੀ ਦੀ ਸਮੁੰਦ੍ਰ ਸਾਹਮਣੇ ਜਾਕੇ ਹੰਕਾਰ ਕਰੇ ਤਾਂ ਸੋਭਾ ਨਹੀਂ ਪਾ ਸਕਦੀ ।

ਜੌ ਖਗੁ ਉਡੈ ਖੰਭ ਧਾਰ ਮਹਾਂ ਬਲ

ਪੇਖ ਅਕਾਸ ਹਿਰਦੈ ਸੁਕਚਾਵੈ।

ਜੇ ਬਾਹਲਾ ਬਲ ਧਾਰਕੇ ਪੰਛੀ ਬਹੁਤਾ ਅਕਾਸ ਨੂੰ ਉਡੇ ਤਾਂ (ਅਕਾਸ਼ ਨੂੰ) ਵੇਖਕੇ ਹਿਰਦੇ ਵਿਚ (ਸੁੰਗੜਦਾ) ਸਰਮਿੰਦਾ ਹੈ।

ਜੌਂ ਬ੍ਰਹਮੰਡ ਪ੍ਰਚੰਡ ਬਿਲੋਕਤ

ਕੂਲਰ ਕੀਟ ਉਤੰਗ ਲਜਾਵੈ ॥

(ਕੂਲਰ) ਬ੍ਰਿਛ। ਜਿਹੜਾ ਬ੍ਰਿਛ ਦਾ ਕੀੜਾ ਹੰਕਾਰ ਕਰਕੇ ਉਚੇ ਤਾਂ ਉਸਨੇ ਬ੍ਰਹਮੰਡ ਦਾ ਪ੍ਰਕਾਸ਼ ਵੇਖਕੇ ਸਰਮ ਹੀ ਕਰਨੀ ਹੈ (ਭਾਵ ਸਰਮ ਕਰਦਾ ਹੈ) ਅਮਰਿਤ ਧਾਰਾਂ ਦਿਖਾਣ ਦੀ ਰੋਸ਼ਨੀ ਕਾਰ ਪੋਥੀ ੨੯ ਸਾਰੀ ਵੇਖੋ ॥

ਤੂੰ ਕਰਤਾ ਹਮ ਕੀਏ ਤਿਹਾਰੇ ਜੀ

---

* ਏਹ ਚਾਰੇ ਸਵੈਯੇ ਹਾਲਤ ਸਵੈਯਾ ਵਿਚ ਕੁਝ ਕੁਝ ਅਸ਼ੁਧ ਹੋ ਸਕਦੇ ਹਨ ਤੇ ਏਨ੍ਹਾਂ ਅਨਕੇਰਾ ਸਵੈਯਾ ਤੇ ਨਾਲ ਹੀ ਭਾਵਨ ਗੁਰਾਂ ਦਾ ਹੈ ਪਰ ਇਸ ਪਹਿਲੇ ਵਿਚ ਕੁਝ ਫਰਕ ਹੈ, ਸਵੈਯੇ ਦਾ ਲੇਖਕ ਪੁਸਤਕ ਆਦਕਾਂ ਵਿਚੋਂ ਵੇਖ ਸਕਦੇ ਹੋ ਇਸ ਜਗ੍ਹਾ ਵਿਸਥਾਰ ਦੇ ਡਰ ਕਰਕੇ ਨਹੀਂ ਲਿਖਿਆ।

ਤੋਪਹਿ ਬੋਲਨ ਕਿਉਂ ਬਨਿਆਵੈ ॥ ੫੨੭ ॥

ਠਾਕੁਰ ਜੀ! ਹੇ ਸੁਆਮੀ ਜੀ ਤੂੰ ਸਭਨਾਂ ਦੇ ਕਰਨ ਵਾਲਾ ਹੈਂ ਅਤੇ ਅਸੀ ਤੇਰੇ ਮੋਹਿਤ ਹੋਏ ਜੀਵ ਹਾਂ ਤੇਰੇ ਪਾਸ ਸਾਡਾ ਬੋਲਣਾ ਕਿਵੇਂ ਬਣ ਆਂਵਦਾ ਹੈ।੫੨੭

*ਸਵੈਯਾ ॥ ਤੋਸੋ ਨ ਨਾਥ, ਅਨਾਥ ਨ ਮੋਸਰ
ਤੋਸੋ ਨ ਦਾਨਿ, ਨ ਮੋਸੋ ਭਿਖਾਰੀ ।

੧ ਤੇਰੇ ਵਰਗਾ ਸੁਆਮੀ ਨਹੀਂ (ਮੇਰਾ) ੨ ਮੇਰੇ ਵਰਗਾ ਗਰੀਬ ਨਹੀਂ ੩ ਤੇਰੇ ਵਰਗਾ ਦਾਨੀ ਨਹੀਂ ੪ ਮੇਰੇ ਵਰਗਾ ਭਿਖਾਰੀ ਨਹੀਂ ॥

ਮੋਸੋ ਨ ਦੀਨ ਦਯਾਲ ਨ ਤੋ ਸਰ
ਮੋਸੋ ਅਗਯਾਨਿ ਨ ਤੋਸੋ ਵਿਚਾਰੀ ।

੫ ਮੇਰੇ ਜਿਹਾ ਗਰੀਬ ਨਹੀਂ ੬ ਤੇਰੇ ਜਿਹਾ ਦਯਾ ਦਾ ਘਰ ਨਹੀਂ ੭ ਮੇਰੇ ਜਿਹਾ ਅਗਯਾਨੀ ਨਹੀਂ ੮ ਤੇਰੇ ਜਿਹਾ ਵਿਚਾਰਵਾਨ (ਸਿਆਣਾ) ਨਹੀਂ।

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ।
(ਰਵਿਦਾਸ ਜੀ ਧਨਾਸਰੀ)

ਮੋਸੋ ਪਤਿਤ ਨ ਪਾਵਨ ਤੋ ਸਰ
ਮੋਸੋ ਬਿਕਾਰਿ ਨ ਤੋਸੋ ਉਪਕਾਰੀ ।

੯ ਮੇਰੇ ਜਿਹਾ (ਕੋਈ) ਪਤਿਤ ਪਾਪੀ ਨਹੀਂ। ੧੦ ਤੇਰੇ ਜਿਹਾ (ਕੋਈ) ਪਾਵਨ ਪਵਿਤ੍ਰ ਕਰਨ ਵਾਲਾ ਨਹੀਂ। ੧੧ ਮੇਰੇ ਜਿਹਾ (ਕੋਈ) ਵਿਕਾਰੀ ਨਹੀਂ। ੧੨ ਤੇਰੇ ਜਿਹਾ (ਕੋਈ) ਉਪਕਾਰ ਕਰਨ ਵਾਲਾ ਨਹੀਂ।

ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥
(ਕਬੀਰ ਜੀ ਬਿਲਾਵਲ)

ਮੇਰੋ ਹੈਂ ਔਗੁਨ ਤੂ ਗੁਨ ਸਾਗਰ
ਜਾਤ ਰਸਾਤਲ ਓਟ ਤਿਹਾਰੀ ॥੫੨੮॥

(੧੩) ਮੇਰੇ ਵਿਚ ਤਾਂ (ਉਪੁਕਤਿ) ਔਗੁਣ ਹਨ

---

* ਇਹ ਸਵੈਯਾ ਕਈਆਂ ਰਾਗੀਆਂ ਤੋਂ ਗਲਤ ਪਾਠ ਕੀਤਾ ਹੋਇਆ ਸੁਣਿਆ ਹੈ ਅਤੇ ਛਪੀਆਂ ਹੋਈਆਂ ਪੁਸਤਕਾਂ ਵਿਚ ਤਾਂ ਸਾਰੇ ਹੀ ਅਸ਼ੁਧ ਹੈ। ਪਰ ਇਸਦੀ ਸੁਧੀ ਅਸੁਧੀ ਦੀ ਬਾਬਤ ਗੁਰਮਤਿ ਸੁਧਾਕਰ ਦੇ ੩੬੫ ਪੰਨੇ ਤੋਂ ਦੇਖ ਸਕਦੇ ਹੋ ਗੁਰਮਤ ਸੁਧਾਕਰ ਦੇ ਕਰਤਾ ਸ੍ਰੀ ਸਰਦਾਰ ਸਾਹਿਬ ਦੇ ਲੇਖ ਹਨ।

(੨੯) ਅਤੇ ਆਪ ਸਤਿਗੁਰੂ ਜੀ ਗੁਦਾ ਦੇ (ਨਾਗਰ) ਸਮੁੰਦ੍ਰ ਦੇ (ਕ੍ਰਾਹਿ ਕ੍ਰਾਹਿ) ਗੁਰ ਮੈ (ਰਸਾਤਲ) ਪਤਾਲ (ਨਰਕ) ਨੂੰ ਜਾਂਦਾ ਹਾਂ ਪਰ ਇਕ ਆਪਣੀ ਓਟ ਹੈ ॥੫੩॥

ਗੁਰੂ ਘਰ ਵਿਚ ਪ੍ਰਾਣਾਯਾਮ ਦੀ ਏਹ ਰੀਤੀ ਹੈ ॥

ਕਬਿਤ॥ ਉਲਟ ਪਵਨ ਮਨ ਮੀਨ ਕੀ ਚਪਲ ਗਤਿ
ਦਸਮ ਦੁਆਰ ਪਾਰ ਅਗਮ ਨਿਵਾਸ ਹੈ।

ਮਛੀ ਵਾਂਗੂੰ ਚੰਚਲ ਚੰਚਲ ਮਨ ਹੈ ਜਿਸ ਨੂੰ ਸੁਆਸਾਂ ਨਾਲ ਰੋਕ ਦੇਂਦੇ ਹੋ ਦਿਆ (ਵਾ ਰੋਕਣਾਂ ਵਾ ਰੋਕਦੇ ਹਨ) ਅਤੇ ਦਸਮ ਦੇ ਦਰਵਾਜ਼ੇ ਦੇ ਪਾਰ ਜਿਥੇ ਵਾਹਿਗੁਰੂ ਬੇਅੰਤ ਦਾ ਘਰ ਹੈ ਉਸ ਵਿਚ ਨਿਸਚਿਤ ਹੋਇ (ਵਾ ਹੋਣਾਂ ਵਾ ਹੁੰਦੇ ਹਨ)

ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ।
(ਗਉੜੀ ਕਬੀਰ ਜੀ)

ਤਹ ਨ ਪਾਵਕ ਪਵਨ ਜਲ ਪ੍ਰਿਥਮੀ ਅਕਾਸ਼
ਨਾਂਹਿ ਸਸਿ ਸੂਰ ਉਤਪਤ ਨ ਬਿਨਾਸ ਹੈ।

(ਪਾਵਕ) ਅਗਨੀ । (ਸਸਿ ਸੂਰ) ਚੰਦ੍ਰਮਾ ਸੂਰਜ ॥

(ਜਿਸ ਵਾਹਿਗੁਰੂ ਨਾਲ ਗੁਰਮੁਖ ਅਭੇਦ ਹੋਏ ਹਨ ਉਥੇ) ਉਸ ਵਿਚ ਨ ੧ ਅਗ ੨ ਪੌਣ ੩ ਪਾਣੀ ੪ ਧਰਤੀ ੫ ਅਕਾਸ਼ ਅਤੇ ਨਾ ਹੀ ੬ ਚੰਦ੍ਰਮਾ ੭ ਸੂਰਜ (ਚੜ੍ਹਨਾ ਡੁਬਣਾ ਅਥਵਾ) ਅਤੇ ਨਾ ਹੀ ੮ ਜੰਮਣਾ ੯ ਮਰਨਾ ਹੈ

ਤਹ ਪਾਵਸੁ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ।
ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾਂ ਸਮਾਹੀ ।
(ਇਹ ਗਉੜੀ ਬੈਰਾਗਣਿ ਕਬੀਰ ਜੀ ਦੇ ਦੋਵੇਂ ਹੀ ਸਬਦ ਦੇਖ ਸਕਦੇ ਹੋ)

ਨਾਂਹਿ ਪਰ ਕ੍ਰਿਤ ਬਿਰਤ ਪਿੰਡ ਪ੍ਰਾਨ ਗਿਆਨ
ਸਬਦ ਸੁਰਤਿ ਨਾਂਹਿ ਦ੍ਰਿਸਟਿ ਪ੍ਰਗਾਸ ਹੈ।

ਜਿਥੇ ਗੁਰਮੁਖਾਂ ਨੇ ਬਿਸਰਾਮ ਕੀਤਾ ਹੈ ਨਾਂ ਹੀ ਉਥੇ (ਪਰਕਿਰਤਿ) ਮਾਇਆ ਦੀ ਬ੍ਰਿਤੀ ਦਾ ਫੈਲਾਉ ਹੈ ਅਤੇ ਨਾ ਹੀ (ਪਿੰਡ) ਸਰੀਰ ਪ੍ਰਾਣ ਗਿਆਨ ਇੰਦ੍ਰੇ ਸ਼ਬਦ (ਬੋਲ) ਸੁਰਤਿ (ਕੰਨ) ਅਤੇ ਦ੍ਰਿਸ਼ਟੀ ਦਾ ਪ੍ਰਕਾਸ਼ ਹੈ ॥

ਸੁਆਮੀ ਨ ਸੇਵਕ ਉਨਮਾਨੇ ਅਨਹਦ ਪਰੈ
ਨਿਰਾਲੰਬ ਸੁੰਨ ਮੈ ਨ ਬਿਸਮ ਬਿਸ੍ਵਾਸ ਹੈ॥੫੪॥

ਨਾ ਹੀ ਸੁਆਮੀ ਤੇ ਸੇਵਕ ਦੇ ਵਾ ਵਿਚਾਰ ਵਿਚ ਰਹਿਣ ਵਾਲੇ ਜਿਨ ਦਾ ਅਨਹਦ

ਹੈ ਤੋ ਸਿਨ ਪੁਸ਼ ਵਿਚ ਹੀ ਨਹੀਂ ਭਾਵ ਕੁਝ ਭੀ ਨਹੀਂ ਵਿਕਾਰ ਦੀ ਸੇਵਾ ਵਿਚ ਸਤਿਗੁਰਾਂ ਦਾ ਭਰੋਸਾ (ਸਤਿਗੁਰ ਭਾਂ ਸਮਾਧੀ) ਹੈ ॥ ੫੨੯ ॥

ਗੁਰਾਂ ਦੇ ਸ਼ਬਦ ਨੂੰ ਲਿਖ ਪੜ੍ਹਕੇ ਤੇ ਸਾਰ ਹੀ ਗਾਵੰਦੇ ਗਾਉਂਦੇ ਹਨ ਪਰ ਉਸ ਦਾ ਅਨੰਦ ਲੈਣ ਵਾਲਾ ਕੋਈ ਵਿਰਲਾ ਹੀ ਗਿਆਨੀ ਦਿਸਦਾ ਹੈ।

ਜੈਸੇ ਅਹਿਨਿਸ ਮਦ ਰਹਤ ਭਾਂਜਨ ਬਿਖੈ

ਜਾਨਤ ਨ ਮਰਮ ਕਿਧੌਂ ਕਵਨ ਪ੍ਰਕਾਰੀ ਹੈ।

(ਅਹਿਨਿਸ) ਦਿਨ ਰਾਤ। ਜਿਕਰ ਸ਼ਰਾਬ ਰਾਤ ਦਿਨ (ਭਾਂਡੇ) ਭਾਂਜਨ ਵਿਚ ਰਹਿੰਦੀ ਹੈ ਪਰ ਉਹ ਭਾਂਡਾ (ਪੀਪਾ ਆਦਿਕ ਸ਼ਰਾਬ ਦਾ) ਭੇਦ ਨੂੰ ਨਹੀਂ ਜਾਣਦਾ ਕਿ ਕਿਹੜੀ ਹੈ ॥

ਜੈਸੇ ਥੈਲੀ ਭਰ ਭਰ ਬਾਂਧਿ ਦੀਜੀਅਤਿ ਸਰਾ

ਪਾਵਤ ਨ ਭੇਦ ਕਛੂ ਬਿਧਿ ਨ ਬਿਚਾਰੀ ਹੈ।

ਜਿਕੁਰ (ਰੁਪਏ ਆਦਿ ਸਰਾਫ਼ ਨੂੰ) (ਥੈਲੀ) ਪਿਆਲੀ ਭਰ ਭਰ ਕੇ ਸਰਾ ਵਿਚ ਰੱਖਦੀ ਹੈ ਪਰ ਆਪ ਨਹੀਂ ਕੁਝ ਲੈਂਦੀ ਦੇਂਦੀ ਹੈ ਕਿ ਜਿਕੁਰ ਦਾ ਸੁਆਦ ਹੈ ਅਤੇ ਨਾਹੀਂ ਕੁਝ (ਸੁਆਦ ਦੀ) ਵਿਧੀ ਹੀ ਸੋਚੀ ਵਿਚਾਰਦੀ ਹੈ ॥

ਜੈਸੇ ਦਿਨ ਪ੍ਰਤਿ ਮਦ ਬੇਚਤ ਕਲਾਲ ਬੈਠੋ

ਮਹਿਮਾ ਨ ਜਾਨਈ ਦਰਬ ਹਿਤਕਾਰੀ ਹੈ।

ਜਿਕੁਰ (ਰੋਜ਼ ਤੋਂ ਰੋਜ਼) ਸਾਰੇ ਦਿਨ ਬੈਠ ਕਲਾਲ [illegible] ਸ਼ਰਾਬ ਵੇਚਦਾ ਰਹਿੰਦਾ ਹੈ ਪਰ (ਉਹ ਕਲਾਲ) ਧਨ ਦਾ ਪ੍ਰੇਮੀ ਹੋਣ ਕਰਕੇ ਸ਼ਰਾਬ ਦੀ ਕੁਝ ਮਹਿਮਾ ਨਹੀਂ ਜਾਣਦਾ।

ਤੈਸੇ ਗੁਰ ਸਬਦ ਕੌ ਲਿਖ ਪੜ੍ਹ ਗਾਵਤ ਹੈ

ਬਿਰਲੋ ਅੰਮ੍ਰਿਤ ਰਸ ਪਦ ਅਧਿਕਾਰੀ ਹੈ ॥੫੩੦॥

ਤਿਵੇਂ ਹੀ ਗੁਰ ਸ਼ਬਦ ਨੂੰ ਲਿਖ ਪੜ੍ਹਕੇ ਗਾ ਕੇ ਕਥਕੇ ਸਾਰੇ ਰਾਗੀ ਆਦਿਕ ਫਿਰਦੇ ਹਨ ਪਰ ਇਸ ਦਾ [illegible] ਸ਼ਬਦ ਹੀ [illegible]

---

* ਭਾਵ [illegible] ਰਾਗੀ [illegible] ਲਿਖਾਰੀ [illegible] ਹਨ ਕਿ ਜਿਨ੍ਹਾਂ ਵਿਚ ਗੁਰ ਸ਼ਬਦ ਨੂੰ [illegible] ਵਿਚ ਤੇ [illegible] ਸਮਾਧੀ ਲਾਈ ਸਕਦੀ ਕਿ [illegible] ਵਿਚ [illegible] ਗੁਰ ਸ਼ਬਦ ਦੀ [illegible] ਦੇਖਦੇ ਹਨ ॥

ਦੇ ਹਨ ਕਿ ਗੁਰਾਂ ਦੇ ਨਾਮ ਅੰਮ੍ਰਿਤ ਰਸ ਦੀ ਪਦਵੀ ਦਾ ਅਧਿਕਾਰੀ ਸਾਹਿਬ ਦਾ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ॥ ੫੨੩ ॥

ਵਾਹਿਗੁਰੂ ਦੇ ਪੂਰੇ ਪ੍ਰੇਮ ਦੇ ਮੂਹਰੇ ਹੋਰ ਗਿਆਨ ਧਿਆਨ ਆਦਿਕ ਵਿਕਾਰ ਦੂਰ ਹੋ ਜਾਂਦੇ ਹਨ ॥

ਤ੍ਰਿਨ ਤ੍ਰਿਨ ਮੇਲਿ ਜੈਸੇ ਛਾਨ ਛਾਈਅਤਿ ਪੁਨ
ਅਗਨਿ ਪ੍ਰਗਾਸ ਤਾਸ ਭਸਮ ਕਰਤ ਹੈ ।

ਜਿਵੇਂ ਕਖ ਕਖ ਕੱਠਾ ਕਰਕੇ ਛੰਨ ਬਣਾਈਦੀ ਹੈ ਅਤੇ ਜੇ ਫਿਰ ਉਸ ਨੂੰ ਅੱਗ ਚਮਕ ਪਏ ਤਾਂ ਤਿਸ (ਛੰਨ) ਨੂੰ ਸੁਆਹ ਕਰ ਦਿੰਦੀ ਹੈ ॥

ਸਿੰਧ ਕੇ ਕਿਨਾਰੇ ਜੈਸੇ ਬਾਲੂ ਗ੍ਰਿਹ ਬਾਂਧੁ ਰਚੈ
ਲਹਰ ਉਮਗ ਭਏ ਧੀਰ ਨ ਧਰਤ ਹੈ ।

ਜਿਵੇਂ ਸਮੁੰਦਰ ਦੇ ਕੰਢੇ ਮਿੱਟੀ ਘਰ ਬਨਾਈਦਿਆਂ ਪਰ ਸਮੁੰਦਰ ਦੀਆਂ ਲਹਿਰਾਂ ਦੀ ਛਲ ਉਠਣ ਨਾਲ (ਉਹ ਰੇਤ ਦਾ ਘਰ) ਧੀਰਜ ਨਹੀਂ ਧਰਦਾ ਭਾਵ ਢਿਗ ਪੈਂਦਾ ਹੈ ॥

ਜੈਸੇ ਬਨ ਬਿਖੈ ਮਿਲਿ ਬੈਠਤ ਅਨੇਕ ਮ੍ਰਿਗ
ਏਕ ਮ੍ਰਿਗਰਾਜ ਗਾਜੇ ਰਹਿਓ ਨ ਪਰਤ ਹੈ ।

ਜਿਵੇਂ ਬਨ ਵਿਚ ਆਪਣੇ ਹਰਨ ਮਿਲ ਕੇ ਬਹਿੰਦੇ ਹਨ ਪਰ ਇਕ ਸ਼ੇਰ ਦੇ ਬੋਲਣ ਨਾਲ (ਕੋਈ ਭੀ ਹਰਨ) ਰਹਿਣਾ (ਬਨ ਵਿਚ) ਨਹੀਂ ਪਾਉਂਦਾ ॥

ਦ੍ਰਿਸਟਿ ਸਬਦ ਅਰੁ ਸੁਰਤਿ ਕੈ ਗਿਆਨ ਧਿਆਨ
ਪ੍ਰਗਟੇ ਪੂਰਨ ਪ੍ਰੇਮ ਸਗਲ ਹਰਤ ਹੈ ॥ ੫੨੪ ॥

ਤਿਵੇਂ ਹੀ ਨੇਤਰਾਂ ਦੀ ਨਜ਼ਰ ਤੇ ਮੂੰਹ ਦਾ ਅਵਾਜ਼ ਅਤੇ ਕੰਨਾਂ ਦੀ ਸੁਰਤਿ ਹੋਂਵਦੇ ਅਨਮਤੀਆਂ ਦੇ ਕੁਲ ਕਰਨੀ ਅਤੇ ਗਿਆਨ ਧਿਆਨ (ਬਾਹਰਲੇ ਦੰਭ ਅਤੇ ਤਮਾਸ਼ਿਆਂ) ਜਦ ਗੁਰਾਂ ਦੇ ਪੂਰੇ ਪ੍ਰੇਮ ਪ੍ਰਗਟਣ ਕਰਕੇ ਸਾਰੇ ਹੀ (ਉਪਰੋਕਤ) ਦੂਰ ਹੋ ਜਾਂਦੇ ਹਨ ਭਾਵ ਜਦ ਪੂਰਾ ਗਿਆਨ ਹੋ ਜਾਂਦਾ ਹੈ ਤਾਂ ਹੋਰ ਕਰਮ ਭੀ ਠੌਰ ਨਹੀਂ ਰਹਿੰਦੇ ॥ ੫੨੪ ॥

ਗੁਰਮੁਖੀ ਦੀ ਵਿਛੁੜ ਦੀ ਕੂਕਣੀ ਦਸਦੇ ਹੈ ॥

ਚੰਦਨ ਕੀ ਬਾਸ ਜੈਸੇ ਬੀਧਤਿ ਕੈ ਕਪੂਰ ਧੂਮ

ਕੰਚਨ ਸੰਪਟ ਮਧਿ ਡਾਰ ਗਹਿ ਰਾਖੀਐ ।

(ਕੰਟ੍ਰਕ ਦ੍ਰੁਮ) ਕਿਕਰ ਦੇ ਦਰਖਤਾਂ ਨੂੰ । (ਕੰਚਨ ਸੰਪਟ) ਸੋਨੇ ਦਾ ਡੱਬਾ (ਡਾਰ ਗਹਿ) ਵਿਚ ਰਖੀਏ । ਜਿਵੇਂ ਚੰਦਨ ਦੇ ਬ੍ਰਿਛ ਨੂੰ ਵਢਕੇ ਕਿਕਰਾਂ ਦੇ ਦਰਖਤਾਂ ਨੂੰ ਚਾੜ੍ਹ ਦੇਵੇ ਫਲ ਅਤੇ ਸੋਨੇ ਦੇ ਡੱਬੇ ਵਿਚ ਕਣਕ [illegible] ਰਖਾਏ ਜਾਨ । (ਵਾ ਹਸੀਣ ਦਸਾਏ)

ਜੈਸੇ ਹੰਸੁ ਪਾਸ ਬੈਠ ਬਾਇਸ ਸੰਗਤ ਕਰੈ
ਮ੍ਰਿਗ ਪਤਿ ਭਵਨ ਮੈ ਜੰਬਕ ਭਲਾਖੀਐ ।

(ਬਾਇਸ) ਕਾਂ । ਜਿਵੇਂ ਹੰਸ ਪਾਸ ਬਹਿਕੇ ਕਾਂ ਉਪਹਾਸ ਕਰੇ ਅਤੇ ਸ਼ੇਰ ਦੇ ਘਰ ਵਿਚ ਗਿਦੜ ਰਿਹਾ (ਜਾਣਦੀ) ਕਹੇ ॥

ਜੈਸੇ ਗਰਧਭ ਗਜ ਪ੍ਰਤਿ ਉਪਹਾਸ ਕਰੈ
ਚਕ੍ਰਵੈ ਕੋ ਚੋਰ ਡਾਂਡੈ ਦੂਧ ਮਧੁ ਮਾਖੀਐ ।

੧ ਜਿਵੇਂ ਖੋਤਾ ਹਾਥੀ ਨੂੰ ਮਖੌਲ ਕਰੇ ਅਤੇ ਜੋ ਚਕ੍ਰਵਰਤੀ ਰਾਜੇ ਨੂੰ ਚੋਰ ਡਾਂਡੇ ਤੇ ਦੁਧ ਵਿਚ ਮਖੀ ਉਪਦੇਸ਼ ਕਰੇ ਕਿ ਮੈਂ ਹੀ ਚੰਗੀ ਹਾਂ।

*ਸਾਧਨ ਦੁਰਾਇ ਕੈ ਅਸਾਧ ਅਪਰਾਧ ਕਰੈ
ਉਲਟੀ ਐ ਚਾਲ ਕਲੀ ਕਾਲ ਸੁਨ ਭਾਖੀਐ ॥੫੩੨॥

ਮੂਰਖ ਲੋਕ ਚੰਗੇ ਸਾਧਨਾਂ ਨੂੰ (ਜੋ ਕਿ ਪਰਮਾਤਮਾ ਨਾਲ ਮੇਲਣ ਵਾਲੇ ਸੀ) ਲੁਕਾਕੇ ਅਸਿਧ (ਜਿਨਾਂ ਦਾ ਕਦੀ ਦੋਸ਼ ਨਾ ਉਤਰੇ) ਅਪਰਾਧ ਕਰਦੇ ਹਨ ਇਸ ਕਰਕੇ ਪੁਠੀ ਹੀ ਕਦਮ ਕੂਮ ਚਾਲ ਕਲਯੁਗ ਦੇ ਸਮੇਂ ਦੀ ਆਖੀਦੀ ਹੈ ॥

ਭਾਵ ਗੁਰ ਪਰਮਾਤਮਾਂ ਨੂੰ ਛਡਕੇ ਹੋਰ ਦੇਵਤਿਆਂ ਦੀ ਪੂਜਾ ਕਰਨੀ ਅਤੇ ਜਾ ਗੁਰਮੁਖਾਂ ਨੂੰ ਦੁਖ ਦੇਣਾ ਅਤੇ ਮਨਮੁਖਾਂ ਨੂੰ ਸੁਖ ਦੇਣਾਂ ਏਹ ਕਲਯੁਗ ਵਿਚ ਹੈ ਅਤੇ ਭਲੇ ਪੁਰਸ਼ ਦੀ ਬੇਇਜ਼ਤੀ ਤੇ ਲੁਚੇ ਦੀ ਇਜ਼ਤ ਕਰਨੀ ਇਹ ਕਲ ਜੁਗ ਵਿਚ ਜਾਪੇ ਕਿ ਇਸ ਵਿਚ ਨਾਮ ਤੋਂ ਬਿਨਾ ਹੋਰ ਕਿਸੇ ਤਰਾਂ ਭੀ ਛੁਟ ਨਹੀਂ ਹੋਣਾ ॥

ਅਬ ਕਲੂ ਆਇਓ ਰੇ ਇਕੁ ਨਾਮੁ ਬੋਵਹੁ ਬੋਵਹੁ । ਅਨ ਰੂਤਿ ਨਾਹੀ ਨਾਹੀ ਮਤੁ ਭਰਮਿ ਭੂਲਹੁ ਭੂਲਹੁ । (ਸ਼ਬਦ ਹਿਰਦਾ ਪ੍ਰਸੰਗ)

ਹਰਿ ਕੀਰਤਿ ਉਤਮ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ।

[ਸ਼ਬਦ ਵਾਰ ਕਾਨੜਾ]

ਇਸ ਕਲਿਜੁਗ ਮਹਿ ਕਰਮ ਧਰਮੁ ਨ ਕੋਈ । ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ।। [ਸ਼ਬਦ ਭੈਰਉ]

ਗੁਰ ਸ਼ਬਦ ਤੋਂ ਬਿਨਾਂ ਪ੍ਰੇਮ ਦਾ ਅਨੰਦ ਪ੍ਰਾਪਤ ਨਹੀਂ ਕੀਤਾ ਜਾਂਦਾ।

ਜੈਸੇ ਬਿਨ ਲੋਚਨ ਬਿਲੋਕੀਐ ਨ ਰੂਪ ਰੰਗ
ਸ੍ਰਵਨ ਬਿਹੂਨ ਰਾਗ ਨਾਦ ਨ ਸੁਨੀਜੀਐ।

(ਸ੍ਰਵਨ) ਕੰਨ। ਜਿਵੇਂ ਨੇਤਰਾਂ ਤੋਂ ਬਿਨਾਂ ਰੂਪ ਰੰਗ ਨਹੀਂ ਵੇਖਿਆ ਜਾਂਦਾ ਅਤੇ ਕੰਨਾਂ ਤੋਂ ਬਿਨਾਂ ਰਾਗ ਦਾ ਸ਼ਬਦ ਨਹੀਂ ਸੁਣਿਆ ਜਾਂਦਾ॥

ਜੈਸੇ ਬਿਨ ਜਿਹਵਾ ਨ ਉਚਰੈ ਬਚਨ ਅਰੋ
ਨਾਸਕਾ ਬਿਹੂਨ ਬਾਸੁ ਬਾਸਨਾ ਨ ਲੀਜੀਐ।

ਜਿਵੇਂ ਜੀਭ ਤੋਂ ਬਿਨਾਂ ਬਚਨ ਨਹੀਂ ਉਚਾਰੇ ਜਾਂਦੇ ਅਤੇ ਨੱਕ ਤੋਂ ਬਿਨਾਂ ਵਾਸਨਾ ਵਿਚੋਂ ਵਾਸਨਾ ਨਹੀਂ ਲਈ ਜਾਂਦੀ॥

ਜੈਸੇ ਬਿਨ ਕਰ ਕਰ ਸਕੈ ਨ ਕ੍ਰਿਤ ਕ੍ਰਮ
ਚਰਨ ਬਿਹੂਨ ਭੌਨ ਗੌਨ ਕਤ ਕੀਜੀਐ।

(ਕਰ) ਹੱਥ। (ਭੌਨ) ਘਰ। ਜਿਵੇਂ ਹੱਥਾਂ ਤੋਂ ਬਿਨਾਂ ਕ੍ਰਿਤ ਕੰਮ ਨਹੀਂ ਕੀਤਾ ਜਾਂਦਾ ਅਤੇ ਚਰਨਾਂ ਤੋਂ ਬਿਨਾਂ ਘਰ ਵਿਚ ਜਾਣਾ ਕੀਕੁਰ ਕਰੀਏ॥

ਅਸਨ ਬਸਨ ਬਿਨ ਧੀਰਜ ਨ ਧਰੈ ਦੇਹ
ਬਿਨ ਗੁਰ ਸਬਦ ਨ ਪ੍ਰੇਮ ਰਸੁ ਪੀਜੀਐ ॥੫੪੩॥

ਜਿਵੇਂ (ਅਸਨ ਬਸਨ) ਅੰਨ ਬਸਤਰ ਤੋਂ ਬਿਨਾਂ ਦੇਹ ਧੀਰਜ ਨਹੀਂ ਧਰਦੀ ਤਿਵੇਂ ਹੀ ਗੁਰ ਸ਼ਬਦ ਤੋਂ ਬਿਨਾਂ ਪ੍ਰੇਮ ਰਸ ਨਹੀਂ ਪੀਤਾ ਜਾਂਦਾ॥

ਵਾਹਿਗੁਰੂ ਵਿਚ ਗੁਰੂ ਅਤੇ ਗੁਰੂ ਵਿਚ ਵਾਹਿਗੁਰੂ ਕਿਵੇਂ ਹੈ॥

ਜੈਸੇ ਜਲ ਮੈਂ ਬਿਰਖ ਬਿਰਖ ਮੈ ਹੋਤ ਫਲ
ਅਦਭੁਤਿ ਗਤਿ ਕਛੁ ਕਹਨੁ ਨ ਆਵੈ ਜੀ।

ਜਿਵੇਂ ਜਲ ਤੋਂ ਬਿਰਛ ਅਤੇ ਬਿਰਛ ਤੋਂ ਫਲ ਹੁੰਦਾ ਹੈ ਇਹ ਅਸਚਰਜ (ਚਾਲੀ) ਰੀਤੀ ਹੈ ਕੁਝ ਕਹਿਣ ਵਿਚ ਨਹੀਂ ਆਉਂਦੀ॥

ਜੈਸੇ ਦਾਰ ਬਾਸਨ ਮੈ ਬਾਸਨ ਹੈ ਦਾਰੁ ਬਿਖੈ
ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ।

ਜਿਵੇਂ ਕਾਸ਼ਟ ਵਿਚ ਅਤੇ ਲੋਹੇ ਚੁੰਬਕ ਵਿਚ ਹੋ ਹੀ ਆਪਣਾ [illegible] ਕਰਨੀ ਤਮਾਸ਼ਾ ਹੈ, ਕਈ ਇਹਦਾ ਭੇਦ ਨਾ ਪਾ ਸਕਦਾ।

ਕਾਸ਼ਟ ਮੈ ਅਗਨਿ ਹੈ ਅਗਨਿ ਮੈ ਕਾਸ਼ਟ ਹੈ

ਅਤਿ ਅਸਚਰਜ ਹੈ ਕੌਤਕ ਕਹਾਵੈ ਜੀ।

ਜਿਵੇਂ ਲਕੜੀ ਵਿਚ ਅੱਗ ਹੈ ਅਤੇ ਅੱਗ ਵਿਚ ਲਕੜੀ ਹੈ ਇਹ ਬਹੁਤ ਆਸਚਰਜ ਤਮਾਸ਼ਾ ਹੁੰਦਾ ਹੈ।

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ। [ਮਹਲਾ ੧ ਰਾਮਕਲੀ ਓਅੰਕਾਰ]

ਸਤਿਗੁਰ ਮੈ ਸਬਦ ਸਬਦ ਮੈ ਸਤਿਗੁਰ ਹੈ

ਨਿਰਗੁਨ ਗਿਆਨ ਧਿਆਨ ਸਮਝਾਵੈ [illegible]।

ਤਿਵੇਂ ਹੀ ਸਤਿਗੁਰ ਵਿਚ ਵਾਹਿਗੁਰੂ ਹੈ ਅਤੇ ਵਾਹਿਗੁਰੂ ਵਿਚ ਸਤਿਗੁਰ ਹਨ, ਪਰ ਇਹ ਗਲ ਵਾਹਿਗੁਰੂ ਦੇ ਗਿਆਨ ਦਾ ਪ੍ਰਕਾਸ਼ ਦਸਦਾ ਹੈ। [illegible]।

ਗੁਰੁ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ [ਮਹਲਾ ੪ ਆਸਾ ਛੰਤ]

ਗੁਰੂ ਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਈ॥ [ਮਹਲਾ ੪ ਆਸਾ ਛੰਤ]

ਗੁਰ ਉਪਦੇਸ਼ ਦੇ ਮਿਲਨ ਦਾ [illegible] ਦਾ ਪ੍ਰਤਾਪ ਹੈ॥

ਜੈਸੇ ਤਿਲ ਬਾਸ ਬਾਸ ਲੀਜੀਅਤ ਕੁਸਮ ਸੈਂ

ਤੇਲ ਹੋਤ ਹੈ ਫੁਲੇਲ ਜਤਨ ਕੈ ਜਾਨੀਐ।

ਜਿਵੇਂ ਤਿਲ (ਕੁਸਮ) ਫੁਲਾਂ ਨਾਲ ਮਿਲਕੇ ਆਪਣੇ ਵਿਚ (ਬਾਸ ਬਾਸ) ਸੁਗੰਧੀ ਵਸਾਉਂਦਿਆਂ ਹੈ ਫਿਰ ਤਿਲਾਂ ਤੋਂ ਫੁਲੇਲ ਹੋ ਜਾਂਦਾ ਹੈ ਪਰ [illegible] ਜਤਨ ਕਰਕੇ ਜਾਣਿਆ ਜਾਂਦਾ ਹੈ। ਚੌਥੀ ਵਾਰ ਕਾਵੀ ਪੌੜੀ [illegible]॥

ਜੈਸੇ ਤੌ ਔਟਾਇ ਦੂਧ ਜਾਮਨ ਜਮਾਇ ਮਥ

ਸੰਜਮ ਸਹਤ ਘ੍ਰਿਤ ਪ੍ਰਗਟ ਕੈ ਮਾਨੀਐ।

ਜਿਵੇਂ ਦੂਧ ਨੂੰ ਕਾੜਕੇ ਜਾਗ ਲਾਕੇ ਜਮਾ ਲਈਦਾ ਹੈ ਅਤੇ ਸੰਜਮ ਦੇ ਸਹਿਤ ਰਿੜਕੀਏ ਤਾਂ ਘਿਉ ਨਿਕਲਦਾ (ਪ੍ਰਗਟ ਹੀ ਮੰਨੀ ਦਾ) ਹੈ ਵਾਰ ੪ ਪੌੜੀ ੧ ਪੰਗਤੀ ੨, ੩, ੪ ਦੇਖੋ॥

ਜੈਸੇ ਕੂਆ ਖੋਦ ਖੋਦ ਬਸੁਧਾ ਧਸਾਇ ਕੌਰੀ

ਲਾਜੁ ਕੈ ਚਲਾਇ ਕੋਲ ਕਾਢ ਜਲ ਆਨੀਐ।

(ਕੂਆ) ਖੂਹ। (ਬਸੁਧਾ) ਧਰਤੀ। ਜਿਵੇਂ ਧਰਤੀ ਵਿਚ ਖੋਦ ਕੇ [illegible]

ਕੇ ਖੂਹ ਪੁਟੀਦਾ ਹੈ ਅਤੇ ਭੈਣੀ ਨਾਲ ਲੱਜ ਬੰਨ੍ਹਕੇ ਤੇ ਡੋਲ ਲਮਕਾਕੇ ਪਾਣੀ ਕਢ ਲਿਆਈਦਾ ਹੈ ॥

ਗੁਰ ਉਪਦੇਸ ਤੈਸੇ ਭਾਵਨੀ ਭਗਤਿ ਭਾਇ

ਘਟਿ ਘਟਿ ਪੂਰਨ ਬ੍ਰਹਮ ਪਹਿਚਾਨੀਐ ॥੫੭੫॥

ਤਿਵੇਂ ਹੀ ਗੁਰਉਪਦੇਸ਼ ਦੀ ਪ੍ਰੇਮਾਭਗਤੀ ਦੀ ਸਹਾਇਤਾ ਕਰਕੇ ਘਟਾਂ ਘਟਾਂ ਵਿਚ ਵਿਆਪਕ ਹੋਏ ਵਾਹਿਗੁਰੂ ਨੂੰ ਪਛਾਣ ਲਈਦਾ ਹੈ॥ ੫੭੫ ॥

ਗੁਰੂ ਸਿਖਾਂ ਦੇ ਔਗੁਣ ਇਵੇਂ ਨਹੀਂ ਵਿਚਾਰਦੇ॥

ਜੈਸੇ ਤੌ ਸਰਿਤਾ ਜਲੁ ਕਾਸਟ ਕੌ ਨ ਬੋਰਤ

ਕਰਤ ਚਿਤ ਲਾਜ ਆਪਨੇ ਹੀ ਪ੍ਰਤਿਪਾਰਜੇ ਹੈ ।

(ਸਰਿਤਾ) ਨਦੀ । ਜਿਵੇਂ ਨਦੀ ਦਾ ਪਾਣੀ ਲਕੜ ਨੂੰ ਨਹੀਂ ਡੋਬਦਾ ਆਪਣਾ ਪਾਲਿਆ ਹੋਇਆ (ਬੂਟਾ ਵਿਚਾਰਕੇ) ਚਿਤ ਵਿਚ ਸ਼ਰਮ ਕਰਦਾ ਹੈ (ਵਾਰ ੧੪ ਵੀਂ ਪੌੜੀ ੮, ੯ ਅਤੇ ਵਾਰ ੧੯ ਪੌੜੀ ੪, ੫ ਸਾਰੀ ਦੇਖੋ)

ਜੈਸੇ ਤੌ ਕਰਤ ਸੁਤ ਅਨਿਕ ਅਗਿਆਨਪਨ

ਤਊ ਨ ਜਨਨਿ ਅਵਗੁਨ ਉਰ ਧਾਰਜੇ ਹੈ ।

(ਜਨਨਿ) ਮਾਂ । (ਉਰ) ਹਿਰਦਾ । ਜਿਵੇਂ ਪੁਤ੍ਰ ਭਾਵੇਂ ਬਾਲਪੁਣੇ ਦੀਆਂ ਬੇਸਮਝੀਆਂ ਕਰਦਾ ਹੈ ਪਰ ਫਿਰ ਵੀ ਮਾਂ ਇਕ ਵੀ ਔਗੁਣ ਹਿਰਦੇ ਵਿਚ ਨਹੀਂ ਧਰਦੀ॥ ਸੁਤ ਅਪਰਾਧ ਕਰਤ ਹੈ ਜੇਤੇ, ਜਨਨੀ ਚੀਤਿ ਨ ਰਾਖਸਿ ਤੇਤੇ ॥

[ਕਬੀਰ ਜੀ ਆਸਾ]

ਜੈਸੇ ਤੌ ਸਰਨਿ ਸੂਰ ਪੂਰਨ ਪ੍ਰਤਗਿਆ ਰਾਖੈ

ਲਖ ਅਪਰਾਧ ਕੀਏ ਮਾਰਿ ਨ ਬਿਡਾਰਜੇ ਹੈ ।

ਜਿਵੇਂ ਸੂਰਮਾ ਸਰਨ ਆਏ ਦੀ ਪੂਰੀ ਪਰਤਗਿਆ ਰਖਦਾ (ਰਿਖਿਆ ਦਾ ਪ੍ਰਣ ਕਰਦਾ) ਹੈ ਭਾਵੇਂ ਉਹ ਉਸੇ ਦੇ ਹੀ ਲਖਾਂ ਅਪਰਾਧ ਕਰਦਾ ਆਇਆ ਹੋਵੇ ਯਾ ਕਰੇ ਪਰ ਫਿਰ ਵੀ ਸੂਰਮਾ ਮਾਰਕੇ ਉਸਨੂੰ ਪਰੇ ਨਹੀਂ ਸੁਟ ਦਿੰਦਾ ।

ਤੈਸੇ ਹੀ ਪਰਮ ਗੁਰ ਪਾਰਸ ਪਰਸ ਗਤਿ

ਸਿਖਨ ਕੇ ਕ੍ਰਿਤ ਕੁਕਰਮ ਕਹੂ ਨ ਬਿਚਾਰਜੇ ਹੈ ॥੫੭੬॥

ਜਿਵੇਂ ਪਾਰਸ ਦੀ (ਗਤੀ) ਰੀਤ ਹੈ ਕਿ ਜੇਹੜੀ ਧਾਤ ਨਾਲ ਛੋਹ ਜਾਵੇ ਓਹੋ ਹੀ ਸੋਨਾ ਹੋ ਜਾਂਦੀ ਹੈ ਤਿਵੇਂ ਹੀ ਹਰ ਉਤਮ ਗੁਰਾਂ ਦੀ ਰੀਤੀ

ਕਿ ਮਿਥਿਆ ਨੂੰ ਸੁਧ ਕਰ ਦੇਵੇ ਹਨ ਅਤੇ ਤਿਨ੍ਹਾਂ ਦਾ ਕੋਈ ਮਾੜਾ ਕੰਮ ਕੀਤਾ ਹੋਇਆ ਕੁਛ ਨਹੀਂ ਵਿਚਾਰਦੇ ॥ ੫੭੬ ॥

ਸਾਧ ਸੰਗਤ ਗੁਰ ਗਿਆਨ ਬਿਨਾਂ ਜਨਮ ਮਰਨ ਫਿਕਰ ਨਹੀਂ ਛੁਟਦਾ।

ਜੈਸੇ ਜਲ ਧੋਇ ਬਿਨ ਅੰਬਰ ਮਲੀਨ ਹੋਤ
ਬਿਨ ਤੇਲ ਮੇਲੇ ਜੈਸੇ ਕੇਸ ਹੂ ਭੁਜੰਗ ਹੈ।

(ਅੰਬਰ) ਕਪੜਾ। ਜਿਵੇਂ ਪਾਣੀ ਨਾਲ ਧੋਣ ਤੋਂ ਬਿਨਾ ਕਪੜਾ ਮੈਲਾ ਹੁੰਦਾ ਹੈ ਅਤੇ ਤੇਲ ਲਾਏ ਬਿਨਾਂ ਜਿਵੇਂ ਵਾਲ ਡਰੌਣੇ ਹੁੰਦੇ ਹਨ।

ਜੈਸੇ ਬਿਨ ਮਾਂਜੇ ਦਰਪਨ ਜੋਤਿ ਹੀਨ ਹੋਤ
ਕਰਖਾ ਬਿਹੂਨ ਜੈਸੇ ਖੇਤ ਮੈ ਨ ਧਾਨ ਹੈ।

(ਦਰਪਨ) ਸੀਸ਼ਾ। ਜਿਵੇਂ ਮਾਂਜਣ ਤੋਂ ਬਿਨਾ ਸੀਸ਼ੇ ਦੀ ਜੋਤੀ ਹੀਨ ਹੁੰਦੀ ਹੈ ਅਤੇ ਜਿਵੇਂ ਬਰਖਾ ਤੋਂ ਬਿਨਾ ਖੇਤ ਵਿਚ ਧਾਨ ਨਹੀਂ (ਉਗਦੇ)

ਦੁਧ ਬਿਨੁ ਧੇਨੁ, ਪੰਖ ਬਿਨੁ ਪੰਖੀ, ਜਲ ਬਿਨੁ ਉਤਭੁਜ ਕਾਮਿ ਨਾਹੀ।
[ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ। ਗੁਰੂ ਵਾਕ]

ਜੈਸੇ ਬਿਨੁ ਦੀਪਕ ਭਵਨ ਅੰਧਕਾਰ ਹੋਤ
ਲੋਨ ਘ੍ਰਿਤ ਬਿਨ ਜੈਸੇ ਭੋਜਨ ਮਸਾਨ ਹੈ।

ਜਿਵੇਂ ਦੀਵੇ ਤੋਂ ਬਿਨਾਂ ਘਰ ਵਿਚ ਹਨੇਰਾ ਹੁੰਦਾ ਹੈ ਅਤੇ ਜਿਵੇਂ ਲੂਣ ਘਿਉ ਤੋਂ ਬਿਨਾ ਅੰਨ (ਭੋਜਨ) ਮਸਾਣਾਂ ਦੀ ਸੁਆਹ ਵਾਂਗੂੰ ਹੁੰਦਾ ਹੈ।

ਤੈਸੇ ਬਿਨ ਸਾਧ ਸੰਗ ਜਨਮ ਮਰਨ ਦੁਖ
ਮਿਟਤ ਨ ਭੈ ਭਰਮ ਬਿਨ ਗੁਰ ਗਿਆਨ ਹੈ ॥੫੮੭॥

ਤਿਵੇਂ ਹੀ ਸਾਧ ਸੰਗਤ ਤੋਂ ਬਿਨਾਂ ਜਨਮ ਮਰਨ ਦਾ ਦੁਖ ਅਤੇ ਗੁਰ ਗਿਆਨ ਤੋਂ ਬਿਨਾ ਜਮਾਂ ਦਾ ਡਰ ਦਿਲ ਦਾ ਭਰਮ ਨਹੀਂ ਮਿਟਦਾ।

ਗੁਰ ਬਿਨੁ ਘੋਰ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ ਗੁਰੂ ੪ ਸਵੈਯੇ

ਗੁਰ ਪੂਰੇ ਬਿਨੁ ਪਾਰ ਨ ਪਾਈ। (੧੦)
ਗੁਰ ਪੂਰੇ ਬਿਨੁ ਭਰਮ ਨ ਜਾਈ। (੧੧)
ਗੁਰ ਪੂਰੇ ਬਿਨੁ ਹਰਿ ਨ ਪਰਚੈ। (੧੨)
ਗੁਰ ਪੂਰੇ ਬਿਨੁ ਕਾਚਾ ਵੈਰਾਗੁ। (੨੩)
ਗੁਰ ਪੂਰੇ ਬਿਨੁ ਜਮ ਪੁਰ ਜਾਈ। (੨੪)

ਵਾਰ ੨੫ ਦੀ ਤੀਜੀ ਸਾਰੀਆਂ ਪੌੜੀਆਂ ਦੇਖੋ ॥ ੫੮੭ ॥

ਪੂਰੇ ਗੁਰੂ ਤੋਂ ਬਿਨਾਂ ਛੁਟਕਾਰਾ ਨਹੀਂ ਪਾਰ ਹੋ ਸਕੀਦਾ ।

ਜੈਸੇ ਮਾਂਝ ਬੈਠੇ ਬਿਨ ਬੋਹਿਥ ਨ ਪਾਰ ਪਰੈ

ਪਾਰਸ ਪਰਸ ਬਿਨ ਧਾਤ ਨ ਕਨਿਕ ਹੈ ।

(ਬੋਹਥ) ਜਹਾਜ । (ਕਨਕ) ਸੋਨਾ । ਜਿਕੁਰ ਜਹਾਜ ਵਿਚ ਬੈਠੇ ਤੋਂ ਬਿਨਾਂ (ਸਮੁੰਦ੍ਰ ਦੇ) ਪਾਰ ਨਹੀਂ ਹੋ ਸਕੀਦਾ (ਅਥਵਾ ਮਲਾਹ ਦੇ ਵਿਚ ਬੈਠਨ ਤੋਂ ਬਿਨਾਂ ਨਾਹਾਂ ਤੇ ਜਹਾਜ ਪਾਰ ਹੁੰਦਾ ਹੈ ਅਤੇ ਨਾ ਹੀ ਮੁਸਾਫਰ) ਅਤੇ ਪਾਰਸ ਨੂੰ ਛੋਹੇ ਤੋਂ ਬਿਨਾਂ ਧਾਤਾਂ (ਪਿੱਤਲ ਲੋਹਾਦੀ) ਸੋਨਾ ਨਹੀਂ ਹੋ ਸਕਦੀਆਂ ।

ਜੈਸੇ ਬਿਨ ਬੀੜਾ ਨਾਹਿ ਪਾਵਨ ਹੈ ਆਨ ਜਲ

ਨਾਰਿ ਨ ਭਤਾਰ ਬਿਨ ਸੁਤ ਨ ਜਨਿਕ ਹੈ ।

ਜਿਕੁਰ ਗੰਗਾ ਨਦੀ ਦਾ ਪਾਣੀ ਹੋਰ ਪਾਣੀ ਤੋਂ ਬਿਨਾਂ ਪਵਿਤ੍ਰ ਨਹੀਂ ਹੋ ਸਕਦਾ (ਅਥਵਾ ਗੰਗਾ ਬਿਨਾ ਹੋਰ ਕੋਈ ਪਾਣੀ ਨਹੀਂ ਹੁੰਦਾ ਪਰ ਇਹ ਪ੍ਰਤੀਤਾ ਕੁਸਾਰ ਮਿਲਦਾ ਨਹੀਂ) ਇਸਤ੍ਰੀ ਪਤੀ ਤੋਂ ਬਿਨਾਂ ਬਾਲਕ ਪੁਤ੍ਰ ਪੈਦਾ ਨਹੀਂ ਕਰ ਸਕਦੀ (ਜਾਂ ਪਤੀ ਇਸਤ੍ਰੀ ਤੋਂ ਬਿਨਾਂ)

ਜੈਸੇ ਬਿਨ ਬੀਜ ਬੋਇ ਨਿਪਜੈ ਨ ਧਾਨ †ਧਾਤਾ

ਸੀਪ ਸ੍ਵਾਂਤਿ ਬੂੰਦ ਬਿਨੁ ਮੁਕਤਾ ਨ *ਮਨਿਕ ਹੈ ।

ਜਿਕੁਰ ਬੀ ਬੀਜੇ ਤੋਂ ਬਿਨਾਂ ਧਾਣੀਆਂ ਦੇ (ਧਰਾ) ਧਰਤੀ ਦੇ ਅੰਕੁਰ ਨਹੀਂ ਉਗਦੇ ਅਤੇ ਸਿੱਪੀ ਵਿਚ ਸ੍ਵਾਂਤੀ ਬੂੰਦ ਪਯਾ ਤੋਂ ਬਿਨਾਂ ਮੋਤੀ ਦਾ (ਮਾਣਕ ਦਾ) ਸਰੂਪ ਨਹੀਂ ਬਣਦਾ ॥

ਤੈਸੇ ਹੀ ਸ੍ਰੀ ਚਰਨ ਸਰਨ ਗੁਰ ਭੇਟੇ ਬਿਨ

ਜਨਮ ਮਰਨ ਮੇਟ ਸਨਨ ਜਨਕ ਹੈ ॥੫੪੭॥

ਤਿਕੁਰ ਹੀ ਪੂਰਾ ਜੋ ਚਰਨ ਸ਼ਰਨ ਆਕੇ (ਭੇਟ) ਮਿਲੇ ਤੋਂ ਬਿਨਾਂ ਮਾਤਾ ਪਿਤਾ ਦੇ ਘਰ ਦਾ ਜਨਮ ਮਰਨ ਦਾ ਦੁਖ ਮਿਟ ਸਕਦਾ ਹੈ ਜਾਣ ਸਾਰਾ ਗਾਰਤ ਵਿਚ ਆਉਂਦਾ ਹੈ ॥

ਗੁਰ ਪੂਰੇ ਵਿਣ ਗਰਭ ਫਸੇਰੇ । ੧੯ । ਦੇਖੋ ੨੫ ਵੀਂ ਵਾਰ. ਸਾਖੀ ॥ ੫੪੭ ।

---

† ਧਾਰਾ ਪਦ ਦੇਹਲੀ ਦੀਪਕ ਹੈ ।

* ਅਸੀ ਦੇ ਪਿਆਂ ਨਾਵੇਂ ਆਂ ਨੇ ਵਿਚ ਜ਼ਾਂ ਵਿਚ ਲਿਖਿਆ ਹੈ ਕਿ ਜਨਮ ਗੁਰ ਪੂਰ ਲਖੂ ਏਹ ਏਸ ਅਭਿਕ ਦਾ ਪਾਰ ਸਾਰਿਕ ਹੈ ।

ਜੇ ਬਾਹਰੋਂ ਮੋਨਾਂ ਧਾਰਕੇ ਮਨੁਖ ਕਹੇ ਕਿ ਮੈਂ ਔਗੁਣ ਛਡ ਦਿਤੇ ਹਨ ਤਾਂ ਛੁਪਦਾ ਵਿਕਾਰ ਨਹੀਂ ਛਡਿਆ ਜਾਂਦਾ ॥

ਜੈਸੇ ਤੌ ਮੰਜਾਰ ਕਹੈ ਕਰੌਂ ਨ ਅਹਾਰ ਮਾਸ
ਮੂਸਾ ਦੇਖ ਧਾਵੈ ਧੀਰ ਨ ਧਰਤ ਹੈ ।

(ਮੰਜਾਰ) ਬਿੱਲਾ। ਜਿਵੇਂ ਬਿੱਲਾ ਕਹੇ ਕਿ ਮੈਂ ਮਾਸ ਨਹੀਂ ਖਾਣਾ ਪਰ ਚੂਹੇ ਨੂੰ ਵੇਖਕੇ ਮਗਰ ਦੌੜਦਾ ਅਤੇ ਧੀਰਜ ਨਹੀਂ ਧਰਦਾ ।

ਜੈਸੇ ਬਗੁਲਾ ਸੀਸ ਕੈ ਮਰਾਲ ਸਭਾ ਜਾਇ ਬੈਠੇ
ਛਾਡ ਮੁਕਤਾਹਲ ਦ੍ਰਿਸਟ ਮੀਨਹੂ ਧਰਤ ਹੈ ।

(ਬਗੁਲਾ) ਬਗਲਾ (ਮਰਾਲ) ਹੰਸ । (ਮੁਕਤਾਹਲ) ਮੋਤੀ । ਜਿਵੇਂ ਬਗਲਾ ਭੀ ਬਹਾਦਰੀ ਕਰਕੇ ਹੰਸਾਂ ਦੀ ਸਭਾ ਵਿਚ ਜਾ ਬਹੇ ਤਾਂ ਚੰਗੇ ਮੋਤੀਆਂ ਦਾ ਖਾਣਾ ਛੱਡਕੇ ਓਹੋ ਮਛੀਆਂ ਨੂੰ ਹੀ ਤਾੜ ਰਹਿਆ ਹੈ॥

ਜੈਸੇ ਮੋਨ ਧਰਿ ਸਤਾਰ ਜਤਨ ਅਨੇਕ ਕਰ
ਸੁਨਤ ਸਿਆਰ ਰਾਖ ਸਕੇ ਨਾ ਪਰਤ ਹੈ ।

(ਮੋਨ) ਚੁਪ । (ਸਿਆਰ) ਗਿਦੜ । ਜਿਵੇਂ ਗਿਦੜ ਚਾਹੇ ਚੁਪ ਹੀ ਧਾਰਕੇ ਚੁਪ ਰਹਣ ਵਾਸਤੇ ਕਈ ਜਤਨ ਕਰਦਾ ਹੈ ਪਰ ਦੂਜੇ ਗਿਦੜਾਂ ਦੀ ਹੁਵਾਂ ਸੁਣਕੇ ਰਿਹਾ ਨਹੀਂ ਜਾਂਦਾ । ਹਾਰ ਕੇ ਹੁਵਾਂ ਕਰ ਦੇਂਦਾ ॥

ਤੈਸੇ ਪਰ ਤਨ ਧਨ ਦੂਖਨਾ ਤ੍ਰਿਦੋਖ ਮੋਨ
ਕਹਤ ਹੈ ਛਾਡਿਓ ਪੈ ਟੇਵ ਨ ਟਰਤ ਹੈ ॥੫੨੪॥

ਤਿਵੇਂ ਹੀ ਪਰ ਤਨ ਤੇ ਪਰ ਧਨ ਵਿਚ ਚੂਕਨ ਅਤੇ ਪਰ ਨਿੰਦਾ ਕਰਨਾ ਹੈ ਏਹ ਮਨ ਨੂੰ ਤਿੰਨੇ ਦੋਸ਼ ਹਨ। ਆਪਣਾ ਭੇਦ ਛਪਾਣ ਲਈ ਮੋਨ ਧਾਰਕੇ ਤਾਂ ਆਦਮੀ ਏਹ ਕਹਿਕੇ ਦਸਦਾ ਹੈ ਕਿ ਮੈਂ ਇਨ੍ਹਾਂ ਦੋਖਾਂ ਨੂੰ ਛਡ ਦਿਤਾ ਹੈ ਪਰ ਚਿਰ ਦੀ ਪਈ ਹੋਈ ਆਦਤ ਮਨੋਂ ਨਹੀਂ ਟਲਦੀ ਹੈ ਇਹ ਨਹੀਂ ਹਟਦੀ॥ ੫੨੪॥

ਚੁਪ ਕਰਾਕੇ ਬੈਠਣ ਦੀ ਸਾਧਨਾ ਨਾਲ ਸਾਰੇ ਜੋ ਵਿਕਾਰੀ ਨਹੀਂ ਛਡ ਸਕਦੇ ॥

*ਝੂਲਨਾ ਛੰਦ

ਸਿੰਮ੍ਰਿਤਿ ਪੁਰਾਨ ਕਟਾਨ ਬਖਾਨ ਬਹੁ

ਭਾਗਵਤ ਬੇਦ ਬਿਆਕਰਨ ਗੀਤਾ ॥

(ਗੁਰੂ ਸਬਦ ਅੱਖਰ ਨੂੰ) ਸਿੰਮ੍ਰਿਤੀਆਂ ਪੁਰਾਨ ਕਥਕੇ ਅਤੇ ਭਾਗਵਤ ਵੇਦ ਵਿਆਕਰਨ ਗੀਤਾ ਆਦਿਕ ਕਰਤੇ ਨੇ ਭੀ (ਭਾਖਿਆ) ਕਹਿਣ ॥

ਸੇਸ ਮਹੇਸ ਅਖਲੇਸ ਸੁਰ ਮਹੇਸ ਮੁਨਿ

ਜਗਤ ਅਰ ਭਗਤ ਸੁਰ ਨਰ ਅਤੀਤਾ ॥

੧ (ਸਿਮਤਾਗ) ਨਾਗ। ੨ (ਮਹੇਸ) ਸ਼ਿਵ ਦਾ ਈਸ਼ਰ (ਧਰਮਰਾਜਾ) ੩ (ਅਖਲੇਸ) ਸਾਰਿਆਂ ਦਾ ਸ਼ਾਸਕ। ੪ ਵਡੇ ਦੇਵਤੇ। ੫ ਸ਼ਿਵਜੀ ਵੀ ਮੁਨੀ। ੭ ਸੰਸਾਰ। ੮ ਭਗਤ। ੯ ਛੋਟੇ ਦੇਵਤੇ। ੧੦ ਆਦਮੀ। ੧੧ ਸੰਤ (ਭਾਵੇ ਕਹਿਣ)

ਗਗਨ ਅਰੁ ਪਤਾਲ ਉਨਮਾਨ ਉਨਮਨ ਉਕਤਿ

ਰਾਗ ਨਾਦਿ ਦਿਜ ਸੁਰ ਅਤਿ ਨੀਤਾ ॥

੧ ਗਗਨ। ੨ ਪਤਾਲ। ੩ ਵਿਚਾਰ। ੪ ਮਸਤ ਮਨ। ੫ ਕਥਨ ਕਰਨਾ ਜਾਂ ਯੁਕਤੀ। ੬ ਰਾਗਾਂ ਦੇ ਆਵਾਜ਼। ੭ ਬ੍ਰਾਹਮਣਾ ਦਾ ਵਡਾ ਦੇਵਤਾ ਬਸਿਸ਼ਟ ਆਦਿਕ ਦੀ ਅਕਲ ਸਦਾ ਜਿਹਾ ਹੋ ਕਾ ਰਾਗ ਨੀਤ ਭਾਲ (ਲਭਿਣ ਭਾਵੇਂ ਗੁਰ ਸ਼ਬਦ ਦੇ ਅਰਥ ਅਗਾਹ ਨੂੰ) ॥

ਅਰਧ ਲਗ ਮਾਤ੍ਰ ਗੁਰ ਸਬਦ ਅਖਰ ਏਕ

ਅਗਮ ਅਤਿ ਅਗਮ ਅਗਾਧ ਮੀਤਾ ॥ ੫੪੦ ॥

---

*ਲਛਣ ਦੋਹਰਾ ॥

ਦਸ ਦਸ ਫੇਰ ਕਲਨ ਥਰ ਅੰਤ ਲਘੂ ਬਿਸ੍ਰਾਮ।

ਸਭ ਕਲ ਪਦ ਸੈਂਤੀਸ ਲਖ ਤਾਂ। ਝੂਲਣਾ ਨਾਮ ॥

ਉਦਾਹਰਨ

ਜਨਮ ਅਰ ਮਰਨ ਦੇ ਦੁਖ ਹਾਤੇ ਟਾਡੇ ਚਾਲਨਾ ਸ੍ਰੀਮਨ ਕਰਿਤਾ ਅਬੂਲੀ ਇਹੂਤ ਦੀਆਂ ਭਾਰ ਪੰਜਾਬੀਆਂ ਹੁਦੀਆਂ [illegible] ਵਿਚ ਵੇਲ ਰਹਣਾ ਕੀ ਦਾ ਮਾਦੂਰ ਤਰਦਾਂ ਦੇ ਦਿਲਾਂ ਦਾ ਰੂਪ ਛੰਦ ਦਾ ਅੰਤ ਕਰਤਾ ਗਾਗ ਨੇ ਛੰਦ ਅਨੁਪਨ ਪਿੰਗਲਸਿਰ ਗਿਣਕ ਝੂਲਣਾ ਛਾਦਿਦ [illegible] ਰੇਖਕੁਲਾਅੰਕ ਜਨੇ ਆਠ ਸਾਂਗਲ ਨੇ [illegible] ਭੇਟ ਸੀਤ ਸੰਗ ਕਹੀਂ ਆਜ ਸਾਂਝੇ ॥

ਹੇ ਮਿਤ੍ਰ ਸ੍ਰੀ ਗੁਰਾਂ ਦਾ ਸ਼ਬਦ ਜੋ ਵਾਹਿਗੁਰੂ ਨਾਲ (ਮੇਲ) ਮਿਲਾਉਣ ਵਾਲਾ ਹੈ ਤਿਸ ਦੇ ਅਗੇ ਅਖਰ ਦੀ ਕਣਾ ਮਾਤ੍ਰ ਦੀ ਕੀਮਤ (ਉਤਪੱਤੀ ਦੇ ਪਾਸੋਂ ਪੈਣੀ) ਵੇਦਾਂ ਨਾਦਣੂ ਦਾ ਸਾਰਲਾ ਪਰਾ ਰੂਪ ਹੋਇਆ ਹੈ। ਭਾਵ ਗੁਰਾਂ ਦੇ ਸ਼ਬਦ ਦੇ ਅਗੇ ਅਖਰ ਦੀ ਕਣਮਾਤ੍ਰ ਦੀ ਕੀਮਤ ਵਡੇ ਵਡੇ ਕਿਸੇ ਦੇਵਤੇ ਬ੍ਰਹਮਾ ਵਿਸ਼ਨੂੰ ਸ਼ਿਵਜੀ ਆਦਕ ਨਹੀਂ ਪਾ ਸਕਦੇ ॥ ੫੪੦ ॥

ਸਾਰਾ ਸੰਸਾਰ ਹੀ ਆਖਦਾ ਹੈ ਕਿ ਅਸੀਂ ਗੁਰ ਪ੍ਰਮਾਤਮਾਂ ਦਾ ਦਰਸ਼ਨ ਕੀਤਾ ਹੈ ਪਰ ਸਾਰੇ ਹੀ ਪੁਰਖ ਹਨ ਅਤੇ ਗੁਰੂ ਜੀ ਸਮਝਾਉਣ ਵਾਲੇ ਹਨ॥

ਕਬਿਤ ॥ ਦਰਸ਼ਨ ਦੇਖੇ ਦੇਖੇ ਸਕਲ ਸੰਸਾਰ ਕਹੈ
ਕਵਨ ਸੋ ਦ੍ਰਿਸ਼ਟਿ ਮਨ ਦਰਸ ਸਮਾਈਐ ॥

ਗੁਰ ਪ੍ਰਮਾਤਮਾ ਦਾ ਦਰਸਨ ਵੇਖਿਆ ਹੈ ਤਾਂ ਸਾਰਾ ਸੰਸਾਰ ਹੀ ਕਹਿੰਦਾ ਹੈ ਪਰ ਉਹ ਨੇਤ੍ਰਾਂ ਦੀ ਨਜ਼ਰ ਕੇਹੜੀ ਹੈ ਜਿਸ ਕਰਕੇ ਮਨ ਨੂੰ (ਗੁਰ ਪ੍ਰਮਾਤਮਾ ਦੇ ਦਰਸ਼ਨ ਵਿਚ (ਸਮਾਈਐ) ਮਿਲਾ ਦੀਏ ॥

ਗੁਰ ਉਪਦੇਸ਼ ਸੁਨੇ ਸੁਨੇ ਸਭ ਕੋਊ ਕਹੈ
ਕਵਨ ਸੁਰਤਿ ਸੁਨ ਅਨਤ ਨ ਧਾਈਐ ॥

ਗੁਰਉਪਦੇਸ਼ ਸੁਣਿਆਂ ਹੈ ਸਭ ਕੋਈ ਆਖਦਾ ਹੈ ਪਰ ਉਹ ਕੇਹੜੀ ਸੁਰਤ ਸੁਣਨੇ ਦੀ ਜਿਸਨੂੰ ਸੁਣਕੇ (ਅਨਤ) ਹੋਰ ਦੇ ਨ ਦੌੜੀਏ ॥

ਜੈ ਜੈਕਾਰ ਜਪਤ ਜਪਤ ਗੁਰਮੰਤ੍ਰ ਜੀਹ
ਕਵਨ ਜੁਗਤ ਜੋਤੀ ਜੋਤਿ ਲਿਵ ਲਾਈਐ ॥

ਉਹੀ ਉਹੀ ਆਵਾਜ਼ ਨਾਲ ਸਾਰਾ ਜਗਤ ਹੀ ਜੀਭ ਨਾਲ (ਗੁਰ ਮੰਤ੍ਰ) ਸਤਿਨਾਮ ਨੂੰ ਜਪਦਾ ਹੈ ਪਰ ਉਹ ਕੇਹੜੀ ਜੁਗਤੀ ਹੈ ਜਿਸ ਕਰਕੇ ਵਾਹਿਗੁਰੂ ਦੀ ਜੋਤੀ ਵਿਚ ਚਿਤ ਬ੍ਰਿਤੀ ਲਾਈਏ ॥

ਦ੍ਰਿਸ਼ਟਿ ਸੁਰਤਿ ਗਯਾਨ ਧਯਾਨ ਸਰਬੰਗ ਹੀਨ
ਪਤਿਤ ਪਾਵਨ ਗੁਰ ਮੂੜ ਸਮਝਾਈਐ ॥ ੫੪੧॥

ਦ੍ਰਿਸ਼ਟੀ ੧ ਸੁਰਤ ੨ ਗਯਾਨ ੩ ਧਯਾਨ ੪ ਇਤਯਾਦਕ ਸਾਰੇ ਅੰਗਾਂ ਤੋਂ ਹੀਨ ਆਦਮੀ ਹੈ ਪਰ ਪਾਪੀਆਂ ਨੂੰ ਪਵਿਤ੍ਰ ਕਰਨੇ ਅਤੇ ਮੂਰਖਾਂ ਨੂੰ ਗੁਰੂ ਜੀ ਸਮਝੌਣ ਵਾਲੇ ਹਨ (ਏਹ ਆਪਣੀ ਪ੍ਰਾਰਥਨਾ ਕਿ ਹੇ ਸਾਂਈਂ ਜੀ ਮੈਨੂੰ ਸਮਝਾਉ) ॥ ੫੪੧ ॥

ਉਪ੍ਰੋਕਤਿ ਗੁਰਾਂ ਦੇ ਦਰਸ਼ਨ ਵਿਚ ਸਮੈਣਾ ਆਪਦੇ ਕਹੀਏ ਤਾਂ ਮਿਤ੍ਰ

ਕੁਝ ਅਸਰ ਨਹੀਂ ਹੁੰਦਾ।

ਜੈਸੇ ਖਾਂਡੁ ਖਾਂਡੁ ਕਹੈ ਮੁਖ ਨਹੀਂ ਮੀਠਾ ਹੋਇ
ਜਬ ਲਗੁ ਜੀਭ ਸ੍ਵਾਦਿ ਖਾਂਡਿ ਨਹੀਂ ਖਾਈਐ।

ਜਿਵੇਂ ਖੰਡ ਖੰਡ ਆਖਿਆਂ ਮੂੰਹ ਮਿਠਾ ਨਹੀਂ ਹੁੰਦਾ ਜਿਨਾ ਚਿਰ ਜੀਭ ਨਾਲ ਸਵਾਦ ਲੈਕੇ ਖੰਡ ਨਾ ਖਾਈਏ।

ਜੈਸੇ ਰਾਤ ਅੰਧਰੀਮੈਂ ਦੀਪਕ ਦੀਪਕ ਕਹੈ
ਤਿਮਰ ਨ ਜਾਇ ਜਬ ਲਗ ਨ ਜਰਾਈਐ।

(ਤਿਮਰ) ਅੰਧੇਰਾ॥ ਜਿਵੇਂ ਰਾਤ ਅਨ੍ਹੇਰੀ ਵਿਚ ਦੀਵਾ ਦੀਵਾ ਕਿਹਾਂ ਅਨ੍ਹੇਰਾ ਨਹੀਂ ਜਾਂਦਾ ਜਿਨਾ ਚਿਰ (ਦੀਵਾ) ਨਾ ਜਗਾਈਏ।

ਜੈਸੇ ਗਿਆਨ ਗਿਆਨ ਕਹੈ ਗਿਆਨੁ ਹੂੰ ਨ ਹੋਤ ਕਛੁ
ਜਬ ਲਗੁ ਗੁਰ ਗਿਆਨੁ ਅੰਤਰ ਨ ਪਾਈਐ।

ਜਿਵੇਂ ਗਿਆਨ ਗਿਆਨ ਕਹਿਣ ਨਾਲ ਕੁਝ ਗਿਆਨ ਨਹੀਂ ਹੋ ਜਾਂਦਾ ਜਿਨਾ ਚਿਰ ਗੁਰ ਗਿਆਨ ਨੂੰ ਹਿਰਦੇ ਅੰਦਰ ਨਾ ਪਾਈਏ ਧਾਰੀਏ॥

ਜੈਸੇ ਗੁਰ ਧਿਆਨ ਕਹੈ ਧਿਆਨ ਹੂੰ ਨ ਪਾਵਤ ਹੈ
ਜਬ ਲਗੁ ਗੁਰ ਦਰਸ ਜਾਇ ਨ ਸਮਾਈਐ॥੫੪੨

ਜਿਵੇਂ ਗੁਰੂ ਦਾ ਧਿਆਨ ਕਹਿੰਦਿਆਂ ਗੁਰੂ ਦਾ ਧਿਆਨ ਨਹੀਂ ਪਾ ਲੈਂਦਾ ਜਿਨਾ ਚਿਰ ਗੁਰਾਂ ਦੇ ਦਰਸ਼ਨ ਵਿਚ ਜਾ ਨਾ ਸਮਾਵੇ॥ ੫੪੨॥

ਇਕੁਰ ਦੇ ਵਾਹਿਗੁਰੂ ਦਾ ਰੂਪ ਹੈ ਜਿਸ ਨੂੰ ਅਰ ਹਿਰਦੇ ਵਿਚ ਧਾਰਨ ਕਰਾ ਦਿਤਾ॥

ਸਿੰਮ੍ਰਿਤਿ ਪੁਰਾਨ ਬੇਦ ਸਾਸਤ੍ਰ ਬਿਰੰਚ ਬਿਆਸ
ਨੇਤਿ ਨੇਤਿ ਨੇਤਿ ਸੁਕ ਸੇਖ ਜਸ ਗਾਵਹੀ।

(ਬਿਰੰਚ) ਬ੍ਰਹਮਾ॥ (ਸੁਕ) ਸੁਕਦੇਵ (ਰਿਖੀ)

(ਜਿਸ ਵਾਹਿਗੁਰੂ ਦਾ ਜਸ) ਸਿਮ੍ਰਤੀਆਂ ਪੁਰਾਨ ਵੇਦ ਸ਼ਾਸਤ੍ਰ ਬ੍ਰਹਮਾ ਵੇਦ ਵਿਆਸ ਸੁਕਦੇਵ ਸ਼ੇਸ਼ਨਾਗ ਜੀ ਨੇ ਨੇਤੀ ਨੇਤੀ ਨੇਤੀ (ਅੰਤ ਨਹੀਂ ਅੰਤ) ਕਰਕੇ ਗਾਇਆ ਹੈ॥

ਸਿਵ ਸਨਕਾਦਿ ਨਾਰਦਾਦਿਕ ਸਚੀਸਰਾਦਿ

ਸੁਰ ਨਰ ਨਾਥ ਜੋਗ ਧਿਆਨ ਮੈਂ ਨ ਆਵੈ ਹੈ।

(ਜਿਹੜਾ ਵਾਹਿਗੁਰੂ) ੯ ਸਿਧਾਂ ੨੧ (੪) ਸਨਕ, ਸਨੰਦ ਕੁਮਾਰ, ਸਨੰਦਨ, ਸਨਾਤਨ ਆਦਿਕ ੦ (੧) ਨਾਰਦ ਆਦਿਕ ੧੨ (੧) ਰਿਖੀਆਂ ਦੇ ਈਸ਼ਰ ਆਦਿਕ ੯੨ ॥ ੧੪ (ਤੇਤੀ ਕਰੋੜ) ਦੇਵਤੇ ੧੪ ਸਾਰੇ ਜਗਤ ਦੇ ਆਦ ਜੀਆਂ ਤੇ ਜੋਗੀਆਂ ਦੇ ਧਿਆਨ ਵਿਚ ਨਹੀਂ ਆਂਵਦਾ ਹੈ॥

ਗਿਰਤਰ ਤੀਰਥ ਗਵਨ ਪੁੰਨ ਦਾਨ ਬ੍ਰਤ

ਹੋਮ ਜਗ ਭੋਗ ਨਈਬੇਦ ਕੈ ਨ ਪਾਵੈ ਹੈ।

(ਜਿਹੜੇ ਵਾਹਿਗੁਰੂ ਨੂੰ) (ਗਿਰ) ਪਹਾੜਾਂ ਵਿਚ ਗਿਰਨ ਕਰਕੇ (ਤਰ) ਬ੍ਰਿਛਾਂ ਦੀ ਤਰ੍ਹਾਂ (ਪੁਠ ਲਟਕ ਕੇ) ਅਹਿਰ ਕਰਕੇ ਅਤੇ ਤੀਰਥਾਂ ਦੇ (ਗਵਨ) ਕੋ ਜਾਣ (ਗਮਨ) ਕਰਕੇ ਪੁੰਨ, ਦਾਨ, ਵਰਤ, ਹੋਮ, ਜਗਾਂ ਦੇ ਭੋਗਾਂ ਦੇ ਨਈਵੇਦ ਕਰਕੇ ਠਾਕਰਾਂ ਦੀ ਮੂਰਤ ਨੂੰ ਤਨ ਮਨ ਅਰਪਣ ਕਰਕੇ ਨਹੀਂ ਪਾਇਆ ਹੈ॥

ਐਸੋ ਹਰਿ ਚਾਰਕਾ ਮਾਯਾ ਆਪ ਗੁਰ ਸਿਖਨ ਕੌ

ਪੂਰਨ ਬ੍ਰਹਮ ਗੁਰ ਰੂਪ ਹ੍ਵੈ ਦਿਖਾਵੈ ਹੈ ॥ ੫੪੨॥

ਇਹੋ ਜਿਹੇ ਵਡੇ ਕਰਮਾਂ ਵਾਲਿਆਂ ਗੁਰ ਸਿਖਾਂ ਨੂੰ ਮਾਇਆ ਦੇ ਵਿਚ ਹੀ ਗੁਰਾਂ ਨੇ ਵਿਆਪਕ ਵਾਹਿਗੁਰੂ ਦਾ ਰੂਪ ਬਣਕੇ ਆਪਣਾ ਆਪ ਦਿਖਾਇਆ ਹੈ ॥ ੫੪੨ ॥

ਉਪ੍ਰੋਕਤ ਮਾਇਆ ਇਹੋ ਜਿਹੀ ਹੈ ਜਿਸਨੇ ਸਾਰੇ ਜਗਤ ਨੂੰ ਲੁਟ ਲਇਆ ਹੈ। ਜਿਨਿ ਕੀਨੋ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ। ਜਗ ਇਸਨਾਨ ਤਾਪ ਥਾਨ ਬਿਖੜੇ ਕਿਆ ਇਹੁ ਜੀਤ ਵਿਚਾਰਾ॥ (ਗੁਰੂ ੫ ਧਨਾਸਰੀ)

ਕਹੀ ਨ ਕਰੈ ਡੂਬਿ ਨਿਰ ਜਾਈਐ ਜਾ ਸਾਧਨਿ ਹਥਿ ਜਗ ਕਉ ਆਣੀ।

(ਕਬੀਰ ਜੀ ਗਉੜੀ)

ਸੰਤਨ ਕੇ ਬੰਧਨ ਕਾਟੇ ਹਰਿ ਰਾਇ। ਤਾਂ ਕਉ ਕਹਾ ਬਿਆਪੈ ਮਾਇ। ਨਾਨਕ ਜਿਨਿ ਗੁਰਿ ਸੰਤ ਪਾਈ ਤਾ ਕੈ ਨਿਕਟਿ ਨ ਆਵੈ ਮਾਈ॥ (ਗੁਰੂ ੫ ਗਉੜੀ) ਸੁਰ ਬੀਰ ਬਚਨ ਕੇ ਬਲੀ। ਕਉਲਾ ਬਪੁੜੀ ਸੰਤੀ ਛਲੀ॥ (ਗੁਰੂ ੫ ਆਸਾ)

ਬ੍ਰਹਮ ਲੋਕ ਅਰ ਰੁਦ੍ਰ ਲੋਕ ਆਈ, ਇੰਦ੍ਰ ਲੋਕ ਤੇ ਧਾਇ। ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥ (ਗੁਰੂ ੫ ਤੁਖਾਰੀ)

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ। ਇਸਕੀ ਸੇਵਾ ਜੋ ਕਰੇ ਤਿਸ ਹੀ ਕੋ ਫਿਰਿ ਖਾਇ। (ਗੁਰੂ ੩ ਗੂਜਰੀ ਵਾਰ)

ਇਨ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ। ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥ (ਕਬੀਰ ਜੀ ਬਿਲਾਵਲ)

* (ਗਉੜੀ ੧ ਮਹਲਾ) ਸਾਜ ਕੂੜੀ । (ਗਉੜੀ ੫ ਆਸਾ) ਸਿਖਿ ਲਾਲਚੀ ਪੂੰਜਿ (ਗੁਰ ੫ ਆਸਾ) ਮਤ੍ਰਾ ਵਰਤੁ । (ਕਬੀਰ ਗਉੜੀ) ਜਨਮ ਲੀਤੇ ਉਪਜਿ (ਆਸਾ ਗੁਰੂ ੫) ਇਕਿ ਜਿਨ੍ਹੂ ਪ੍ਰੀਤਿ ਕਰੀ (ਆਸਾ ਗੁਰੂ ੫) ਮਾਖੇ ਤ੍ਰਿਕਦੇ (ਸਾਰੰਗ ਗੁਰੂ ੫) ਮਾਖੇ ਰਾਮ ਕੀ ਤੂੰ ਮਾਖੀ ॥ (ਇਤਿਆਦਿਕ ਸ਼ਬਦ ਦੇਖ)

ਜੋ ਇਸ ਤੋਂ ਡਰਦੇ ਜੋ ਗੁਰ ਦੁਆਰਿਆਂ ਵਿਚ ਜਾਂਦੇ ਹਨ ਤਾਂ ਅਗੋਂ ਉਨ੍ਹਾਂ ਪੁਜਾਰੀਆਂ ਨੂੰ ਮਾਇਆ ਬਾਘਣੀ ਖਾਂਦੀ ਹੋਵੇ ਤਾਂ ਫਿਰ ਕਹੋ ਅਸਾਡਾ ਕੀ ਹਾਲ ॥

ਬਾਹਰਿ ਕੀ ਅਗਨਿ ਜਉ ਬੁਝੈ ਜਲ ਸਰਿਤਾ ਕੈ
ਨਾਉ ਮੈ ਜੌ ਆਗ ਲਾਗੈ ਕੈਸੇ ਕੈ ਬੁਝਾਈਐ ।

—ਜਿਵੇਂ ਬਾਹਰ ਦੀ ਅੱਗ ਤਾਂ (ਸਰਿਤਾ) ਨਦੀ ਦੇ ਪਾਣੀ ਨਾਲ ਬੁਝ ਜਾਂਦੀ ਹੈ ਪਰ ਜੇ ਬੇੜੀ ਵਿਚ ਅੱਗ ਲਗ ਜਾਵੇ ਤਾਂ ਕਿਵੇਂ ਬੁਝਾਈਏ ।

ਭਾਵ ਜਿਵੇਂ ਬਾਹਰ ਪਈ ਚੀਜ਼ ਨੂੰ ਅੱਗ ਲੱਗ ਜਾਵੇ ਤਾਂ ਨਦੀ ਦੇ ਪਾਣੀ ਨਾਲ ਬੁਝਾ ਲਈਦੀ ਹੈ ਪਰ ਜੇ ਬੇੜੀ ਨੂੰ ਨਦੀ ਵਿਚ ਹੀ ਅੱਗ ਲੱਗ ਜਾਵੇ ਤਾਂ ਕਿਵੇਂ ਬੁਝਾਈਏ । ਦੂਜਾ ਭਾਵ—ਨਦੀ ਵਿਚ ਬੇੜੀ ਨੂੰ ਅੱਗ ਲੱਗਣੀ ਬਾਹਲੀ ਅਸੰਭਵ ਹੈ ਪਰ ਜੇ ਕਿਸੇ ਮੁਸਾਫ਼ਰ ਹੁੱਕਾ ਆਦਿਕ ਪੀਣ ਵਾਲੇ ਦੀ ਗਲਤੀ ਜਾਂ ਬਦਮਾਸ਼ੀ ਹੋਵੇ ਤਾਂ ਜ਼ਰੂਰ ਲੱਗ ਜਾਂਦੀ ਹੈ ਪਰ ਫਿਰ ਬੇੜੀ ਦੇ ਵਿਚ ਦੀ ਅੱਗ ਮੁਸਾਫ਼ਰਾਂ ਨੂੰ ਸਾੜੇਗੀ ਅਤੇ ਭਾਵੇਂ ਨਦੀ ਦੇ ਪਾਣੀ ਨਾਲ ਬੁਝੇਗੀ ਤਾਂ ਸਹੀ ਪਰ ਨਾਲ ਹੀ ਬੇੜੀ ਸੜ ਬਲਕੇ ਮੁਸਾਫ਼ਰਾਂ ਸਮੇਤ ਡੁਬ ਜਾਵੇਗੀ ॥

ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ
ਗੜ ਮੈ ਜੌ ਲੂਟ ਲੀਜੈ ਕਹੋ ਕਤ ਜਾਈਐ ।

(ਜਿਵੇਂ) ਬਾਹਰੋਂ ਭੱਜਕੇ (ਕਿਲ੍ਹੇਦਾਰ ਦੀ) ਓਟ ਕਿਲ੍ਹੇ ਦਾ ਆਸਰਾ ਲਈਏ ਤੇ ਫੇਰ ਜੇ ਕਿਲ੍ਹੇ ਵਿਚ ਹੀ ਚੋਰੀ ਲੁਟ ਲਵੇ ਤਾਂ ਦੱਸੋ ਜੀ (ਕਤ) ਕਿਧਰ ਜਾਈਏ ॥

ਚੋਰਨ ਕੈ ਤ੍ਰਾਸ ਜਾਇ ਸਰਨਿ ਨਰਿੰਦ ਗਹੈ
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ।

(ਨਰਿੰਦ) ਰਾਜਾ । (ਮਹੀਪਤਿ) ਰਾਜਾ । (ਜਿਵੇਂ) ਚੋਰਾਂ ਦੇ ਡਰ ਕਰਕੇ ਰਾਜੇ ਦੀ ਸ਼ਰਨ ਲਈਏ ਤੇ ਫਿਰ ਜੇ ਰਾਜਾ ਹੀ ਵੈਰੀ ਹੋਵੇ (ਜਾਂ ਉਸ ਆਦਮੀ ਨੂੰ) ਮਾਰ ਦੇਵੇ ਤਾਂ ਫਿਰ ਦੱਸੋ ਜਾਨ ਕਿਵੇਂ ਬਚਾਈਏ ॥

ਮਾਇਆ ਡਰ ਡਰਪਤ ਹਾਰ ਗੁਰ ਦੁਆਰੈ ਜਾਵੈ
ਤਹਾਂ ਜੌ ਬਿਆਪੈ ਮਾਇਆ ਕਹਾਂ ਠਹਿਰਾਈਐ ॥ ੫੪੪

ਭਿੱਖਕ ਹੀ ਮਾਇਆ ਦੇ ਡਰ ਨਾਲ ਡਰ.ਡਰ ਹਾਰਕੇ ਗੁਰਦੁਆਰੇ ਜਾਵੇ (ਜੀਵ) ਤੇ ਉਥੇ ਜੇ ਓਥੇ ਹੀ ਉਸ ਜੀਵ ਨੂੰ (ਆ ਪੁਜਾਰੀ ਹੀ) ਮਾਇਆ ਆਣ ਲਪਟੇ ਤਾਂ ਕਹੋ ਖਾਂ ਕਿਸ ਜਗਾ ਖੜੋਈਏ ॥ ੫੪੪ ॥

ਭਾਵ—ਗੁਰਦੁਆਰਿਆਂ ਵਿਚ ਰਹਿਣ ਵਾਲਿਆਂ ਸੰਤਾਂ, ਮਹੰਤਾਂ, ਗ੍ਰੰਥੀਆਂ, ਪੁਜਾਰੀਆਂ ਨੂੰ ਆਪਣੇ ਆਪ ਤਾਂਈਂ ਨਮੂਨਾ ਬਣਕੇ ਵਿਖਾਉਣਾ ਚਾਹੀਦਾ ਹੈ ਜੇਕਰ ਧਰਮ ਅਸਥਾਨਾਂ ਦੀ ਅਤੇ ਉਪਦੇਸ਼ਕਾਂ ਦੀ ਹੀ ਮੰਦਿਰਗਤੀ ਹੋਣ ਲੱਗ ਪਵੇ ਤਾਂ ਹੋਰਨਾਂ ਲੋਕਾਂ ਨੂੰ ਵੇਖਕੇ ਸਰਧਾ ਭਿੱਕੁਟ ਹੋਵੇਗੀ ਅਤੇ ਉਨ੍ਹਾਂ ਉਪਦੇਸ਼ਕਾਂ ਦੇ ਉਪਦੇਸ਼ ਨਾਲ ਸਿੱਖਾਂ ਨੂੰ ਗੁਰਮਤ ਦੀ ਪ੍ਰਾਪਤੀ ਕਿਵੇਂ ਹੋ ਸਕੇਗੀ ਭਾਵੇਂ ਅਜ ਕਲ ਵੇਖਿਆ ਜਾਂਦਾ ਹੈ ਕਿ ਬਾਹਰਲਾ ਉਪਦੇਸ਼ਕਾਂ ਦਾ ਹੀ ਮੰਦਾ ਹਾਲ ਹੈ ਪਰ ਫਿਰ ਵੀ ਉਨ੍ਹਾਂ ਨੂੰ ਦੱਸ ਕੇ ਆਖਿਆ ਜਾਂਦਾ ਹੈ ਕਿ ਓਹ ਆਪਣਾ ਆਪ ਸੰਭਾਲ ਲੈਣ ਨਹੀਂ ਤਾਂ ਸ੍ਰੀ ਪਿਤਾ ਕਲਗੀਧਰ ਜੀ ਨੇ ਜੇਹਾ ਹਾਲ ਮਸੰਦਾਂ ਦਾ ਕੀਤਾ ਸੀ ਓਹ ਯਾਦ ਕਰ ਲੈਣ ਅਤੇ ਡਰੀ ਜਾਣ।

ਹੁਣ ਫਿਰ ਏਸੇ ਉਪਰੋਕਤ ਦ੍ਰਿਸ਼ਟਾਂਤ ਨੂੰ ਹੋਰ ਤਰਾਂ ਖੋਲਕੇ ਦਸਦੇ ਹਨ। ਆਪ ਆਖਦੇ ਹਨ ਕਿ ਪਰਮਾਂ ਦੇ ਡਰ ਕਰਕੇ ਜੇ ਗੁਰਾਂ ਪਾਸ ਜਾਈਏ ਤੇ ਉਥੇ ਜੇ ਓਥੇ ਵੀ ਭਰਮ ਨਾ ਮਿਟੇ ਤੇ ਦਸ ਕੀ ਕਰੀਏ ਜੇਹਾ ਮੁਹਰੇ ਵਰਨਨ ਹੈ॥

ਸ੍ਰਪ ਕੈ ਤ੍ਰਾਸ ਸ਼ਰਨ ਗਹੈ ਖਗਪਤਿ ਜਾਇ
ਤਹਾਂ ਜੌ ਸ੍ਰਪ ਗ੍ਰਸੈ ਕਹੋ ਕੈਸੇ ਜੀਜੀਐ।

(ਖਗਪਤਿ) ਗਰੁੜ। (ਭਿੱਖਕ) ਜੇ ਸੱਪਦੇ ਡਰ ਕਰਕੇ ਗਰੁੜ ਦੀ ਸ਼ਰਨ ਜਾ (ਗਹੇ) ਫੜੇ (ਕੋਈ ਜੀਵ) ਤੇ ਉਥੇ ਸੱਪ ਹੀ ਆ ਲੜੇ (ਤੇ ਖਿ..) ਦਸੋ ਖਾਂ ਭਲਾ ਕਿਵੇਂ ਜੀਵੀਏ।

ਜੰਬੁਕ ਕੈ ਤ੍ਰਾਸ ਮ੍ਰਿਗਰਾਜ ਕੀ ਸਰਨ ਗਹੈ
ਤਹਾਂ ਜੌ ਜੰਬੁਕ ਹਤੈ ਕਹੋ ਕਹਾਂ ਕੀਜੀਐ।

(ਜੰਬੁਕ) ਗਿੱਦੜ। (ਮ੍ਰਿਗਰਾਜ) ਸ਼ੇਰ। (ਭਿੱਖਕ) ਗਿੱਦੜ ਪਾਸੋਂ ਡਰ ਕੇ ਸ਼ੇਰ ਦੀ ਸ਼ਰਨ ਫੜੇ ਤੇ ਫੇਰ ਜੇ ਸ਼ੇਰ ਹੀ ਉਥੇ ਮਾਰ ਸਿੱਟੇ ਤੇ ਫੇਰ ਫਿਰ ਦਸੋ ਖਾਂ ਭਲਾ ਕੀ ਕਰੀਏ।

ਜੇਹਾ ਕੁ ਨਵਾਬ ਜੀ ਨੇ ਵਿਲਾਵਲ ਵਿਚ ਕਿਹਾ ਵੀ ਹੈ:—

ਤਦ ਗੱਲਿਆਂ ਸਕਲ ਗੁਰ ਸਉ ਕਰਮ ਨ ਜਾਣੈ ॥
ਸਿੱਖ ਸਰਨ ਕਰਿ ਜਾਣੀਐ ਜਉ ਸੰਸਕ ਗ੍ਰਾਸੈ ॥

ਦਾਰਿਦ ਕੈ ਬਾਂਧੇ ਜਾਇ ਸਰਨ ਸੁਮੇਰ ਸਿੰਧ
ਤਹਾਂ ਜੌ ਦਾਰਿਦ੍ਰ ਦਹੈ ਕਾਹਿ ਦੋਸ਼ ਦੀਜੀਐ ।

(ਜਿਕੂਰ) ਕੰਗਾਲ ਪਨੇ ਦਾ ਬੰਧਿਆ ਹੋਇਆ ਆਦਮੀ (ਕੋਈ) ਜੇ ਸੋਨੇ ਦੇ ਪਹਾੜ ਤੇ ਸਮੁੰਦ੍ਰ ਦੀ ਸ਼ਰਨ ਚਲਾ ਜਾਵੇ (ਤੇ ਤਦ) ਭੀ ਉਥੇ ਭੀ ਦਾਰਿਦ੍ਰ ਸਾੜਦਾ (ਦੁਖ ਦੇਂਦਾ) ਹੀ ਰਹੇ ਤੇ ਫਿਰ (ਤਦ) ਕਿਸਨੂੰ ਦੋਸ਼ ਦੇਣਾ ਚਾਹੀਦਾ ਹੈ,

ਕਰਮ ਭਰਮ ਕੈ ਸਰਨ ਗੁਰਦੇਵ ਗਹੈ
ਤਹਾਂ ਨ ਮਿਟੈ ਕਰਮੁ ਕੌਨ ਓਟ ਲੀਜੀਐ ॥ ੫੪੪॥

(ਇਵੇਂ ਹੀ) ਕਰਮਾਂ ਦੇ ਭਰਮਾਏ ਜੋ (ਜੀਵ) ਗੁਰਦੇਵ ਜੀ ਦੀ ਸ਼ਰਨ (ਗਹੈ) ਫੜਨ (ਤੇ ਤਦ ਫਿਰ) ਉਥੇ ਭੀ ਕਰਮ ਨਾ ਦੂਰ ਹੋਇ (ਤੇ ਤਾਂ ਫਿਰ) ਕੇਹੜੀ ਸਿਰਨੀ (ਓਟ ਲੈਣੀ ਚਾਹੀਦੀ ਹੈ ॥ ੫੪੪ ॥

ਕਾਦਰ (ਸਾਹਿਬਾਨ) ਵੱਡਾ ਅਤੇ ਗੁਨੀ ਗਿਆਨੀ ਗੁਰਮੁਖ ਆਦਕ ਗੁਰ ਬਾਣੀ ਦੇ ਭਾਵਾਂ ਨੂੰ ਆਪੇ ਨੂੰ ਇਵੇਂ ਸਮਝ ਲੈਂਦੇ ਹਨ ॥

ਜੈਸੇ ਤੌ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ
ਹੰਸ ਮਰਜੀਵਾ ਨਿਹਚੈ ਪ੍ਰਸਾਦਿ ਪਾਵਹੀ ।

ਜਿਕੂਰ ਸਾਰਿਆਂ ਹੀ ਨਿਧੀਆਂ ਸਮੁੰਦਰ ਵਿਚ ਭਰੀਆਂ ਹੋਈਆਂ ਹਨ (ਵਾ ਸਮੁੰਦ੍ਰ ਨਦੀਆਂ ਨਾਲ ਭਰਿਆ ਹੋਇਆ ਹੈ) ਪਰ ਹੰਸ ਅਤੇ (ਮਰਜੀਵਾ) ਸਮੁੰਦਰ ਵਿਚ ਗੋਤੇ ਲਾਉਣ ਵਾਲਾ (ਜਿਨ੍ਹਾਂ ਦੇ ਸੁਆਸਾਂ ਦੇ ਰੋਕਣੇ ਦੀ ਸਾਧਨਾ ਕੀਤੀ ਹੋਈ ਹੈ) ਓਹ ਹੀ ਗੀਰ (ਪ੍ਰਸਾਦ) ਅਨੰਦ (ਓਹ ਬਰਕਤ ਪ੍ਰਾਪਤਾਂ ਦਾ) ਪਾ ਲੈਂਦੇ ਹਨ ॥

ਜੈਸੇ ਪਰਬਤ ਹੀਰਾ ਮਾਨਿਕ ਪਾਰਸ ਸਿਧ
ਖਨਵਾਰਾ ਖਨਿ ਜਗ ਵਿਖੈ ਪ੍ਰਗਟਾਵਹੀ ।

ਜਿਕੂਰ ਪਹਾੜਾਂ ਵਿਚ ਹੀਰੇ ਮਾਣਕ ਪਾਰਸ ਹੁੰਦੇ ਹਨ ਤੇ ਸਿਧ (ਜਿਨ੍ਹਾਂ ਨੇ ਜੋਗ ਆਦਿਕ ਨੂੰ ਪ੍ਰਗਟ ਕੀਤਾ ਹੋਇਆ ਹੈ) ਪਹਾੜਾਂ ਵਿਚੋਂ ਪਾਰਸ ਨੂੰ ਅਤੇ (ਖਨਿ) ਖਾਣਾਂ ਵਿਚੋਂ ਹੀਰੇ ਮਾਣਕਾਂ ਨੂੰ (ਖਨਵਾਰਾ) ਖਾਣ ਪੁਟਣ ਵਾਲੇ ਜਗਤ ਵਿਚ ਪ੍ਰਗਟਾ ਦਿੰਦੇ ਹਨ ॥

ਜੈਸੇ ਬਨ ਬਿਖੈ ਮਲਿਆਗਰ ਕਪੂਰ ਸੋਂਧਾ
ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ ।

ਜਿਵੇਂ ਬਨ ਵਿਚੋਂ ਚੰਦਨ ਕਪੂਰ ਸੁਗੰਧੀ ਵਾਲਿਆਂ ਨੂੰ ਮਿਟੇ ਵਾਸ਼ਨਾ ਦਾ ਪਛਾਣ (ਸੋਧਕੇ) ਪਛਾਣਕੇ ਚੰਗੀ ਵਾਸਨਾਂ ਨੂੰ (ਜੋ ਮਹਿਕਾਵਣ ਵਾਲਾ ਹੋਵੇ ਤੇ ਫਲ) [illegible] (ਲਗੀ ਦਾ [illegible] ਦਾ ਹੈ) ॥

ਤੈਸੇ ਗੁਰ ਬਾਨੀ ਬਿਖੈ ਸਕਲ ਪਦਾਰਥ ਹੈ
***ਜੋਈ ਜੋਈ ਬੋਵੈ ਸੋਈ ਸੋਈ ਨਿਪਜਾਵਈ ॥੫੪੯**

ਤਿਵੇਂ ਹੀ ਗੁਰਬਾਣੀ ਵਿਚ ਸਾਰੇ ਹੀ ਪਦਾਰਥ ਹਨ (ਪਰ ਜਿਸ ਜਿਸ ਤਰਾਂ ਦੀ) ਜਾਚਕ [illegible] ਜੋ ਸੋ (ਨਿਪਜਾਵਣੀ) ਪ੍ਰਗਟ (ਕੇ ਉਤਪੰਨ) ਕਰ ਸਕਦਾ ਹੈ ॥ ੫੪੯ ॥

ਗੁਰਮੁਖਾਂ ਨੂੰ ਚਾਹੀਦਾ ਹੈ ਕਿ ਗੁਰਉਪਦੇਸ਼ ਨਾਲ ਆਪਣੇ ਮਨ ਨੂੰ [illegible] ਦੇ ਵਿਕਾਰ ਦੀ [illegible] ਕਰ ਲੈਣ ॥

ਪਰ ਬਿਪ੍ਰਾ ਦੀਰਘ ਸਮਾਨ ਲਘੁ ਜਾਵਦੇਕ
ਜਨਨਿ ਭਗਨਿ ਸੁਤਾ ਰੂਪ ਕੈ ਨਿਹਾਰੀਐ ।

(ਦੀਰਘ) ਵਡੀ । (ਲਘੁ) ਛੋਟੀ । (ਜਾਵਦੇਕ) ਜਿਤਨੀਆਂ [illegible] ਹਨ ।

---

*ਅਸੀਂ ਜੇਹੜੇ ਗੁਰਬਾਣੀ ਵਿਚੋਂ ਛੁਪੇ ਛੁਪੇ ਭਾਵ ਸਮਝ ਸਕਦੇ ਹਾਂ ਸੋ ਤੁਹਾਨੂੰ [illegible] ਤਾਂ ਸਿਧਾਂਤ ਕੀਤੇ ਵਰਨਨ ਹੈ:

ਬਿਰਖੈ ਹੇਠਿ ਸਭਿ ਜੰਤ ਇਕਠੇ । ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ । ਜਿਉ ਜਿਉ ਅਉਧ ਵਿਹਾਣੀਆ ॥
(ਮਾਰੂ ੫ ਮਹਲਾ)

ਇਹ ਧਨਕਲਾ ਛੰਦ ਹੈ ਜਿਸਨੂੰ ਸ੍ਰੀ ਗੁਰੂ ਦੇ ਛੰਦ ਦਰਪਨ [illegible] ਵਿਚ ਦਸ [illegible] ਹੈ । "ਕਬਿੱਤ"

ਧਨਕਲਾ [illegible] ਮਤ [illegible] । [illegible] ਧਰਿਓ ॥
[illegible] । [illegible] ।

ਇਸਨੂੰ [illegible] ਕਿ ਗੁਰੂ ਸਾਹਿਬ ਜੀ ਨੇ ਧਨਕਲ [illegible] ਇਸੇ ਤਰਾਂ [illegible] "ਬਰ ਹਰ [illegible] ॥" (ਇਹ ਬਿਸ੍ਰਦ [illegible] ਹੈ ॥ "[illegible] ॥" (ਸ੍ਰੀ ਕਬੀਰ ਜੀ) ਇਹ ਉਪਦੇਸ਼ [illegible] ॥

(ਜਨਨਿ) ਮਾਂ, ਮਾਤਾ। (ਭਗਨਿ) ਭੈਣ। ਤਿੰਨ ਕਿਸਮਾਂ ਦੀਆਂ ਪਰਾਈਆਂ ਇਸਤ੍ਰੀਆਂ ਹਨ॥ (੧) ਆਪ ਤੋਂ ਵਡੀ ਨੂੰ ਮਾਤਾ ਕਰਕੇ। (੨) ਆਪਣੇ (ਸਮਾਨ) ਹਾਣ ਦੀ ਨੂੰ ਭੈਣ ਕਰਕੇ। (੩) ਆਪ ਤੋਂ ਛੋਟੀ ਨੂੰ ਧੀ ਦਾ ਰੂਪ ਕਰਕੇ ਵੇਖੇ॥ ਏਕ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥ [ਵਾਰ੬ ਪੌੜੀ੮]

ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰ ਜਾਨਹੁ। ਪਰ ਨਾਰੀ ਕੇ ਭਜੇ ਕਾਲ ਬਿਆਪਯੋ ਤਨ ਮਾਨਹੁ। ਅਧਿਕ ਹੰਠੀਲੋ ਜਾਨ ਭੋਗ ਪਰ ਤ੍ਰਿਯਾ ਜੁ ਕਰਹੀ। ਤੇ ਅੰਤ ਸੁਵਾਨ ਕੀ ਮ੍ਰਿਤ ਹਾਥ ਲੇਂਡੀ ਕੇ ਮਰਹੀ॥

(ਗੁਰੂ ੧੦ ਚਰਿਤ੍ਰ ੨੨ ਅੜਿਲ ਛੰਦ)

ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥ [ਵਾਰ੨੯ ਪੌੜੀ ੧੧]

ਪਰ ਦਰਬਾਸਾ ਗਊ ਮਾਸ ਤੁਲ ਜਾਨੀ ਹਿਦੈ
ਕੀਜੈ ਨ ਸਪਰਸ ਅਪਰਸ ਸਿਧਾਰੀਐ।

(ਦਰਬਾਸਾ) ਦਰਬ ਦੀ ਆਸਾ। ਪਰਾਏ ਧਨ ਦੀ ਇੱਛਾ ਨੂੰ ਗਊ ਦੇ ਮਾਸ ਬਰੋਬਰ ਹਿਰਦੇ ਵਿਚ ਜਾਣੇ, ਹੱਥ ਨਾ ਲੈਣਾ ਕਰੇ, ਅਛੋਹ ਪਰੇ ਹੋ ਜਾਵੇ॥ ਉਸ ਸੂਅਰ ਉਸ ਗਾਇ ਹੈ ਪਰਧਨ ਹਿੰਦੂ ਮੁਸਲਮਾਣੇ॥

[ਵਾਰ ੨੮ ਪੌੜੀ ੧੧]

ਪਰ ਧਨ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੋ॥ [ਵਾਰ੬ ਪੌੜੀ ੮]

ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ। ਗੁਰ ਪੀਰ ਹਾਮਾ ਤਾਂ ਭਰੇ ਜਾਂ ਮੁਰਦਾਰੁ ਨ ਖਾਇ॥ [ਗੁਰੂ੧ ਵਾਰ ਮਾਝ]

ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤ ਪੋਤ
ਅਵਗੁਨ ਗੁਨ ਕਾਹੂ ਕੇ ਹਿਦੈ ਨ ਬੀਚਾਰੀਐ।

ਸਾਰਿਆਂ ਜੀਵਾਂ ਦੇ ਹਿਰਦੇ ਦੇ ਵਿਚ ਵਿਆਪਕ ਵਾਹਿਗੁਰੂ ਤਾਣੇ ਪੇਟੇ ਵਾਂਗੂ ਆਪਣੀ ਜੋਤੀ ਕਰਕੇ ਪੂਰਨ ਹੋ ਰਿਹਾ ਹੈ। (ਭਾਵ ਸਾਰੇ ਜੀਵ ਵਾਹਿਗੁਰੂ ਦਾ ਸਰੂਪ ਹਨ) ਇਸ ਲਈ ਕਿਸੇ ਦਾ ਵੀ ਗੁਣ ਔਗੁਣ ਹਿਰਦੇ ਵਿਚ ਨਹੀਂ ਵਿਚਾਰਨਾ ਚਾਹੀਦਾ।

ਗੁਰ ਉਪਦੇਸ਼ ਮਨ ਧਾਵਤ ਬਰਜ ਰਾਖੈ
ਪਰ ਤਨ ਧਨ ਪਰ ਦੂਖਨਾ ਨਿਵਾਰੀਐ॥ ੫੪੭॥

ਜ਼ਰੂਰ ਹੀ ਗੁਰ ਉਪਦੇਸ਼ ਨੂੰ ਸੁਣਕੇ ਸਿਖ ਆਪਣੇ ਮਨ (ਧਾਵਤ) ਦੌੜਦੇ ਨੂੰ ਵਰਜ ਰਖੇ ਅਤੇ ਪਰਾਏ ਸਰੀਰ ਧਨ ਅਤੇ ਪਰਾਏ ਦੋਸ਼ ਨੂੰ ਨਿਵਾਰ (ਹਟਾ) ਦੇਵੇ॥ ੫੪੭॥

ਭੇਖੀ ਸਾਧੂ ਘਰ ਨੂੰ ਛਡਕੇ ਫਿਰ ਘਰ ਦਾ ਆਸਰਾ ਕਿਕੂੰ ਤਕਦੇ ਹਨ

ਜੈਸੇ ਪ੍ਰਾਤ ਸਮੈ ਖਗ ਜਾਤ ਉਡ ਬਿਰਖ ਸੈਂ
ਬਹੁਰਾਇ ਬੈਠਤ ਬਿਰਖ ਹੀ ਪੈ ਆਇਕੈ ।

ਜਿਕੁਰ ਤੜਕੇ ਵੇਲੇ (ਖਗ) ਜਨੌਰ ਦਰਖਤ ਉੱਤੋਂ ਉਡ ਜਾਂਦੇ ਹਨ ਅਤੇ ਫਿਰ ਤ੍ਰਕਾਲਾਂ ਨੂੰ ਦਰਖਤ ਤੇ ਹੀ ਆਕੇ ਬਹਿੰਦੇ ਹਨ ।

ਚੀਟੀ ਚੀਟਾ ਬਿਲ ਸੈਂ ਨਿਕਸ ਧਰ ਗਵਨ ਕੈ
ਬਹੁਰੋ ਪੈਸਤ ਜੈਸੇ ਬਿਲ ਹੀ ਮੈਂ ਜਾਇਕੈ ।

(ਚੀਟੀ ਚੀਟਾ) ਕੀੜੀ ਕੀੜਾ । (ਬਿਲ) ਤੁਡ । (ਨਿਕਸ) ਕੀੜੀ ਕੀੜਾ ਤੁਡ ਵਿਚੋਂ ਨਿਕਲਕੇ ਧਰਤੀ ਉਤੇ ਫਿਰਦਾ ਹੈ ਅਤੇ ਫਿਰ ਤੁਡ ਵਿਚ ਹੀ ਜਾਕੇ ਵੜ ਜਾਂਦਾ ਹੈ ॥

ਲਰਕਾ ਲਰੈ ਕੈ ਰੂਠ ਜਾਤ ਮਾਤ ਤਾਤ ਸਨ
ਭੂਖ ਲਾਗੇ ਤਜਾਗੇ ਹਠ ਆਵੈ ਪਛੁਤਾਇਕੈ ।

ਜਿਕੁਰ ਮਾਂ ਪਿਓ (ਸਨ) ਨਾਲ ਲੜਕਾ ਲੜ ਕੇ ਰੁਸ ਜਾਂਦਾ ਹੈ ਅਤੇ ਜਦ ਭੁਖ ਲਗਦੀ ਹੈ ਤਦ ਹਠ ਨੂੰ ਛਡਕੇ ਆਪੇ ਹੀ ਪਛਤਾਕੇ ਆ ਜਾਂਦਾ ਹੈ ॥

ਤੈਸੇ ਗ੍ਰਿਹਿ ਤਜਾਗ ਭਾਗ ਧਾਵਤ ਉਦਾਸ ਬਾਸ
ਆਸਰੋ ਤਕਤ ਪੁਨਾ ਗ੍ਰਿਸਤ ਕੌ ਧਾਇਕੈ ॥੫੪੮॥

ਤਿਕੁਰ ਹੀ ਭੇਖੀ ਸਾਧੂ ਕਿਸੇ ਗਲੋਂ ਉਦਾਸ ਹੋਕੇ ਅਤੇ ਘਰ ਵਿਚ ਇਸਤ੍ਰੀ ਨੂੰ ਛਡਕੇ ਬਨਬਾਸ ਨੂੰ ਦੌੜ ਜਾਂਦੇ ਹਨ ਅਤੇ ਫਿਰ ਮੁੜਕੇ ਗ੍ਰਿਸਤ ਦਾ ਹੀ ਆਸਰਾ ਲੋੜਕੇ ਤਕਦੇ ਹਨ ॥ ੫੪੮ ॥

ਬੁਰੀ ਭਲੀ ਸੰਗਤ ਦਾ ਫਲ ਦਸਦੇ ਹਨ ॥

ਕਾਹੂ ਦਿਸਾ ਕੋ ਪਵਨ ਗਵਨ ਕੈ ਬਰਖਾ ਹੈ
ਕਾਹੂ ਦਿਸਾ ਕੋ ਪਵਨ ਬਾਦਰ ਬਿਲਾਤ ਹੈ ।

ਕਿਸੇ ਦਿਸ਼ਾ ਵਲੋਂ ਪੌਣ ਆਵੇ ਤਾਂ ਬਰਖਾ ਹੁੰਦੀ ਹੈ ਅਤੇ ਕਿਸੇ ਦਿਸ਼ਾ ਵਲੋਂ ਪੌਣ (ਬਾਦਰ) ਬਦਲਾਂ ਨੂੰ ਉਡਾਉਂਦੀ ਚਲੀ ਜਾਂਦੀ ਹੈ । ਭਾਵ ਚੜ੍ਹਦੇ ਵਲੋਂ ਵਾ ਵਗੇ ਤਾਂ ਬਦਲ ਉਡ ਜਾਂਦੇ ਹਨ ਅਤੇ ਜੇ ਪੂਰੇ ਪੱਛਮ ਦੇ ਵਲ ਹਵਾ ਵਗੇ ਤਾਂ ਬਦਲ ਆ ਜਾਂਦੇ ਹਨ ।

ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ
ਕਾਹੂ ਜਲ ਪਾਨ ਬਯਾਪੈ ਬਿਖਾ ਬਿਲਲਾਤ ਹੈ।

ਕਿਸੇ ਪਾਣੀ ਦੇ ਪੀਣ ਕਰਕੇ ਦੇਹੀ ਅਰੋਗ ਰਹਿੰਦੀ ਹੈ ਅਤੇ ਕਿਸੇ ਪਾਣੀ ਦੇ ਪੀਣ ਕਰਕੇ ਅਸਾਧ ਪੀੜ ਸਰੀਰ ਨੂੰ ਲੱਗ ਲੈਂਦੀ ਹੈ ਅਤੇ ਰੋਂਦੀਦਾ ਹੈ॥

ਕਾਹੂ ਗ੍ਰਿਹਿ ਕੀ ਅਗਨਿ ਪਾਕ ਸਾਕ ਸਿਧ ਕਰੈ
ਕਾਹੂ ਗ੍ਰਿਹਿ ਕੀ ਅਗਨਿ ਭਵਨ ਜਰਾਤ ਹੈ।

ਕਿਸੇ ਘਰ ਦੀ ਅਗ ਰਸੋਈ ਵਿਚ ਨਾਨਾ ਪ੍ਰਕਾਰ ਦੇ ਭੋਜਨ ਸਿਧ ਕਰਦੀ ਹੈ ਅਤੇ ਕਿਸੇ ਘਰ ਦੀ ਅਗ ਘਰਾਂ ਨੂੰ ਸਾੜਦੀ ਹੈ॥

ਕਾਹੂ ਕੀ ਸੰਗਤ ਮਿਲ ਜੀਵਨ ਮੁਕਤਿ ਹੋਇ
ਕਾਹੂ ਕੀ ਸੰਗਤ ਮਿਲ ਜਮਪੁਰ ਜਾਤ ਹੈ।੫੪੯॥

ਕਿਸੇ ਦੀ ਸੰਗਤ ਨਾਲ ਮਿਲਕੇ ਜਿਊਂਦਿਆਂ ਹੀ ਆਦਮੀ (ਮੁਕਤਿ) ਸੁਖ ਨੂੰ ਪ੍ਰਾਪਤ ਹੁੰਦੇ ਹਨ ਅਤੇ ਕਿਸੇ ਦੀ ਸੰਗਤ ਨੂੰ ਮਿਲਕੇ ਜਮਾਂ ਦੇ ਪਿੰਡ ਨੂੰ ਜਾਂਦੇ ਹਨ॥ ੫੪੯॥

ਆਦਮੀ ਨਾਲੋਂ ਸਗੋਂ ਮੂਰਖ ਜਾਨਵਰ ਆਪਣਿਆਂ ੨ ਪਿਆਰਿਆਂ ਵਿਚ ਚੰਗਾ ਪ੍ਰੇਮ ਕਰਦੇ ਹਨ।

ਪ੍ਰੀਤਮ ਕੇ ਮੇਲ ਖੇਲ ਪ੍ਰੇਮ ਨੇਮ ਕੈ ਪਤੰਗ
ਦੀਪਕ ਪ੍ਰਗਾਸ ਜੋਤੀ ਜੋਤਿ ਹੀ ਸਮਾਵਈ।

ਪਤੰਗਾ ਪ੍ਰੇਮ ਦਾ ਨੇਮ ਕਰਕੇ ਆਪਣੇ (ਪ੍ਰੀਤਮ) ਪਿਆਰੇ ਦੀਵੇਦੇ ਮੇਲ ਵਿਚ ਮਿਲਕੇ ਖੇਡਦਾ ਹੋਇਆ (ਦੀਪਕ) ਜਗਦੇ ਦੀਵੇ ਦੀ ਜੋਤੀ ਦਾ ਪ੍ਰਕਾਸ਼ ਵੇਖਕੇ ਅੰਤ ਨੂੰ ਵਿਚੇ ਹੀ ਸਮਾ (ਮਰ) ਜਾਂਦਾ ਹੈ॥

ਦੀਪਕ ਹੇਤ ਪਤੰਗ ਦਾ ਜਲ ਮੀਨ ਤਰੰਦਾ॥ [ਵਾਰ ੨ ਪੌੜੀ ੧੭]
ਜਲੈ ਪਤੰਗ ਨਿਸੰਗ ਹੋਇ ਕਰੈ ਅਖ ਉਘਾੜੀ॥ [ਵਾਰ ੨੭ ਪੌੜੀ ੩]

ਸਹਜ ਸੰਜੋਗ ਅਰ ਬਿਰਹ ਬਿਯੋਗ ਬਿਧੈ
ਜਲ ਮਿਲ ਬਿਛੁਰਤ ਮੀਨ ਹ੍ਵੈ ਦਿਖਾਵਈ।

ਮੱਛੀ ਸਹਜੇ ਹੀ ਆਪਣੇ ਪਿਆਰੇ ਪਾਣੀ ਦੇ ਸੰਜੋਗ ਵਿਚ ਮਿਲਕੇ ਖੁਸ਼ੀ ਹੁੰਦੀ ਹੈ ਅਤੇ ਪ੍ਰੇਮ ਦੇ ਵਿਛੋੜੇ ਵਿਚ ਵਿਛੜਕੇ (ਮੀਨ) ਮੱਛੀ ਦੁਖੀ ਹੋਕੇ ਵਿਖੌਂਦੀ ਹੈ ਏਨਾਂ ਦਵਾਂ ਪੜ੍ਹੋਗੇ ਮੀਨ ਦਾ ਭਾਵ ਇਕੁਰ ਦਾ ਹੈ ਕਿ ੧ ਪ੍ਰੇਮੀ

 330

ਮਿਲਨ ਨਾਲ ਮਰ ਜਾਂਦੇ ਹਨ ਅਤੇ ਪ੍ਰੇਮੀ ਵਿਛੜਨ ਨਾਲ ਮਰ ਜਾਂਦੇ ਹਨ ਭਾਵੇਂ ਉਨ੍ਹਾਂ ਦੀਵੇ ਪਾਣੀ ਨੇ ਦੂਆਂ ਨੂੰ ਆਪਣਾ ਰੂਪ ਨਹੀਂ ਬਣਾ ਲਿਆ ਤੇ ਨਾਂ ਹੀ ਏਹ ਉਨਾਂ ਦਾ ਰੂਪ ਬਣ ਗਏ ਪਰ ਪਿਛੇ ਹਟ ਕੇ ਬੇਮੁਖਾਂ ਵਾਕੂੰ ਪ੍ਰੇਮ ਨੂੰ ਲਾਜ ਨਾ ਲਵਾਈ ॥

ਮੀਨ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥ ਖੰਡ ਖੰਡ ਕਰ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ (ਰਵਿਦਾਸ ਜੀ ਸੋਰਠ)

ਸਬਦ ਸੁਰਤਿ ਲਿਵ ਬਕਤ ਚਕਤ ਹੋਇ

ਸਬਦ ਬੇਧੀ ਕੁਰੰਗ ਜੁਗਤ ਏ ਜਤਾਵਈ ।

(ਕੁਰੰਗ) ਹਰਨ ਘੰਡੇ ਹੇੜੇ ਦੇ ਸਬਦ ਦੀ ਸੋਤ ਨੂੰ ਲਿਵ ਬ੍ਰਿਤੀ ਨਾਲ ਸੁਣਕੇ ਤੇ ਚਕ੍ਰਿਤ ਹੋਕੇ ਬਕ (ਅੜੋ) ਜਾਂਦਾ ਹੈ ਪਰ ਫਿਰ ਜਾਨ ਦੇ ਦਿੰਦਾ ਹੈ ਅਤੇ ਭਦ ਘੰਡੇ ਹੇੜੇ ਦੇ ਸਬਦ ਨਾਲ (ਵੇਧੀ) ਵਿੰਨ੍ਹਿਆ ਜਾਣ ਵਾਲਾ (ਇਸ ਜੁਗਤੀ ਨੂੰ ਜਤਾਕੇ) ਕਹਾਉਂਦਾ ਹੈ ॥

ਮਿਰਗ ਨਾਦ ਵਿਸਮਾਦ ਹੋਇ ਫਿਰਦਾ ਓਜਾੜੀ ॥ [ਵਾਰ ੨੭ ਪੌੜੀ੪]

ਮਿਲ ਬਿਛਰਤ ਅਰੁ ਸਬਦ ਸੁਰਤਿ ਲਿਵ

ਕਪਟ ਸਨੇਹ ਕੈ ਸਨੇਹੀ ਨ ਕਹਾਵਈ ॥ ੫੫੦॥

ਪਤੰਗੇ ਨੇ ਮਿਲਕੇ ਮਰ ਜਾਣਾ ਅਤੇ ਮੱਛੀ ਨੇ ਵਿਛੜਕੇ ਮਰ ਜਾਣਾ ਤੇ ਹਰਨ ਨੇ ਘੰਡੇ ਹੇੜੇ ਦੀ ਸੋਤ ਵਿਚ ਚਿਤ ਬ੍ਰਿਤੀ ਲਾਕੇ ਮਰਜਾਣਾ ਪਰ (ਮਨ ਮੁਖਾਂ ਵਾਕੁਨ ਖੋਟਾ (ਸਨੇਹ) ਪ੍ਰੇਮ ਕਰਕੇ ਆਪਣੇ ਆਪਨੂੰ (ਸਨੇਹੀ) ਪ੍ਰੇਮੀ ਨਹੀਂ ਕਹਾਉਂਦੇ ਭਾਵ ਪਹਿਲੇ ਮਰ ਜਾਂਦੇ ਹਨ ਤਾਂ ਭਦ ਪਿਛੋਂ ਅਸਲੀ ਪ੍ਰੇਮੀ ਕਹਾਉਂਦੇ ਹਨ ॥ ੫੫੦ ॥

ਆਸ਼ਕ ਨਾਂ ਸਦਾਇਆ ਲੋੜਨ ਟੇਢੀ ਪਗੜੀ ਧਰਕੇ ॥
ਮੁੱਦੀ ਤਕੱਬਰ ਤੇ ਮਗਰੂਰੀ ਵਿਰਲਾ ਰਹੇ ਜਰਕੇ ॥
ਸਿਰ ਤੇ ਪਵੇ ਇਸ਼ਕ ਦਾ ਝੇਰਾ ਲਗੁ ਮੁੜ ਆਇ ਡਰਕੇ ॥
ਮਹਿਬੂਬਾ ਦੇ ਮਹਿਲ ਪਿਆਰਿਆ ਜੋ ਪਹੁੰਚਾ ਸੋ ਮਰਕੇ ॥

[ਬ੍ਰਿਤਿ ਚੰਦ੍ਰੋਦੇ]

ਏਸ ਕਬਿਤ ਨੂੰ ਸਿਖਾਂ ਤੇ ਘਟਾਕੇ ਦਸਦੇ ਹਨ॥

ਦਰਸਨ ਦੀਪ ਦੇਖ ਹੋਇ ਨ ਮਿਲੈ ਪਤੰਗ

ਪਰਚਾ ਬਿਹੂਨ ਗੁਰ ਸਿਖ ਨ ਕਹਾਵਈ ।

ਜਿੱਕਰ ਦੀਵੇ ਦਾ ਦਰਸ਼ਨ ਕਰਕੇ ਜੇਹੜਾ ਪਤੰਗਾ ਦੀਵੇ ਨਾਲ ਨਾ

ਮਿਲੇ ਓਹ ਪਤੰਗਾ ਨਹੀਂ ਹੁੰਦਾ ਤਿੱਕੁਰ ਹੀ ਗੁਰਾਂ ਦੇ ਪ੍ਰੇਮ ਦੇ ਪਰਥੋਂ ਤੋਂ ਬਿਨਾ ਜੇਹੜਾ ਸਿਖ ਹੋਵੇ ਓਹ ਸਿਖ ਨਹੀਂ ਕਹਾਉਂਦਾ ॥

ਸੁਨਤ ਸਬਦ ਧੁਨਿ ਹੋਇ ਨ ਮਿਲਤ ਮ੍ਰਿਗ
ਸਬਦ ਸੁਰਤਿ ਹੀਨ ਜਨਮੁ ਲਜਾਵਈ ।

ਜਿੱਕੁਰ ਜੇਹੜਾ ਹਰਨ ਘੰਡੇ ਹੇੜੇ ਦੀ ਅਵਾਜ਼ ਨੂੰ ਸੁਣਕੇ ਅਤੇ ਮਿਲਕੇ ਨਾਲ ਸ਼ਹੀਦ ਨਹੀਂ ਹੁੰਦਾ ਓਹ ਹਰਨ ਨਹੀਂ ਹੁੰਦਾ। ਇੱਕੁਰ ਹੀ ਜੇਹੜਾ ਸਿਖ ਗੁਰ ਸ਼ਬਦ ਦੀ (ਪ੍ਰੀਤੀ) ਸੁਰਤ ਤੋਂ ਹੀਨ ਹੈ ਓਹ ਸਿਖ ਨਹੀਂ ਹੁੰਦਾ ਅਤੇ ਓਹ ਬੇ ਮੁਖ ਆਪਣੇ ਜਨਮ ਨੂੰ ਲੱਜਾ ਲਗਾਉਂਦਾ ਹੈ ॥

ਅਲਪ ਤਾਲਿ ਕੇ ਕੁਰਨ ਜਨੈਂ ਜਨਮ ਬਿਅਰਥ ਹੈ ਤਾਸ ॥ [ਸਾਰੁਕਤਾਵਲੀ]

ਗੁਰ ਚਰਨਾਮ੍ਰਿਤ ਕੈ ਚਾਤ੍ਰਿਕ ਨ ਹੋਇ ਮਲੈ
ਰਿਦੈ ਨ ਬਿਸ੍ਵਾਸ ਗੁਰ ਦਾਸ ਹ੍ਵੈ ਹਸਾਵਈ ।

ਜਿੱਕੁਰ ਮੀਂਹ ਵਰਦਿਆਂ ਜੇਹੜਾ ਪਪੀਹਾ ਪਾਣੀ ਨਾ ਪੀਵੇ ਓਹ ਪਪੀਹਾ ਨਹੀਂ ਹੁੰਦਾ ਇੱਕੁਰ ਹੀ ਜੇਹੜਾ ਸਿਖ ਗੁਰਾਂ ਦੇ ਚਰਨਾਂ ਦੇ ਅੰਮ੍ਰਿਤ ਵਿਚ ਮਿਲ ਕੇ ਪ੍ਰੇਮ ਨਹੀਂ ਕਰਦਾ ਓਹ ਸਿਖ ਨਹੀਂ ਹੋ ਸਕਦਾ ਕਿਉਂਕਿ ਉਸਦੇ ਰਿਦੇ ਵਿਚ ਭਰੋਸਾ ਨਹੀਂ ਹੁੰਦਾ ਅਤੇ ਓਹ (ਮਿਠੇ ਵਾਕ ਰ) ਨਾਮ ਆਪਣਾ ਗੁਰਾਂ ਦਾ ਦਾਸ ਕਹਾਉਂਦਾ ਹੈ ਪਰ ਅੰਤ ਨੂੰ ਓਹ ਆਪਣੇ ਆ ਪਨੂੰ ਹਸਾਉਂਦਾ ਹੈ ਸੋ ਇਹ ਨਕ ਲੀ ਸਿਖ ਹੈ।

ਸਤਿ ਰੂਪ ਸਤਿਨਾਮ ਸਤਿਗੁਰ ਗਿਆਨ ਧਿਆਨ
ਏਕ ਟੇਕ ਸਿਖ ਜਲ ਮੀਨ ਹ੍ਵੈ ਦਿਖਾਵਈ॥੫੫੧

ਜੇਹੜੇ ਵਾਹਿਗੁਰੂ (ਸਚ ਸਰੂਪ) ਦੇ ਰੂਪ ਸਤਿਗੁਰਾਂ ਦੇ ਸਤਿਨਾਮ ਦੇ ਗਿਆਨ ਧਿਆਨ ਦੀ ਇਕ ਓਟ ਲੈਂਦੇ ਹਨ ਅਸਲੀ ਸਿਖ ਓਹ ਹਨ ਕਿ ਜਿੱਕੁਰ ਮਛੀ ਪਾਣੀ ਨਾਲ ਪ੍ਰੀਤੀ ਕਰਕੇ ਵਖਾਉਂਦੀ ਹੈ ਇੱਕੁਰ ਹੀ ਓਹ ਗੁਰਾਂ ਦੇ ਨਾਮ ਨਾਲ ਪ੍ਰੀਤੀ ਕਰਕੇ ਵਖਾਉਂਦੇ ਹਨ ॥ ੫੫੧ ॥

ਪਿਆਰੇ ਪ੍ਰਤਾਪ ਦਾ ਧਰਮ ਓਹੋ ਹੀ ਹੈ ਜੇਹੜਾ ਅੰਤ ਨੂੰ ਸਹੈਤਾ ਕਰੇ ॥

ਉਤਮ ਮਧਿਮ ਅਰ ਅਧਮ ਤ੍ਰਿਬਿਧਿ ਜਗ
ਆਪਨੋਂ ਸੁਅੰਨ ਕਾਹੂ ਬੁਰੋ ਤੈ ਨ ਲਾਗ ਹੈ ।

੧ ਉਤਮ। ੨ ਮਧਮ। ੩ ਅਧਮ। ਤਿੰਨ ਤਰਾਂ ਦਾ ਜਗਤ ਹੈ ਪਰ ਆਪੋ ਆਪਣਾ ਪੁਤ੍ਰ ਕਿਸੇ ਨੂੰ ਵੀ ਬੁਰਾ ਨਹੀਂ ਲਗਦਾ। ਸਾਰੁਕਤਾਵਲੀ ਦਾ ਧਿਆ

ਅਠਵਾਂ ਸਵੱਯਾ ੧੧ ਵਾਂ ਵੇਖੋ ॥

ਸਭ ਕੋਊ ਬਨਜ ਕਰਤ ਲਾਭ ਲਭਤ ਕੌ
ਆਪਨੇ ਬਿਉਹਾਰ ਭਲੋ ਜਾਨ ਅਨੁਰਾਗ ਹੈ ।

ਸਭ ਲੋਕੀਂ ਨਫੇ ਵਾਸਤੇ ਸੌਦਾ ਕਰਦੇ ਹਨ ਆਪੋ ਆਪਣਾ ਵਿਵਹਾਰ ਭਲਾ ਚੰਗਾ ਜਾਣਕੇ ਸਭ ਆਪੋ ਆਪਣੇ ਵਿਹਾਰ ਵਿਚ (ਅਨੁਰਾਗ) ਪ੍ਰੇਮ ਕਰਦੇ ਹਨ ॥

ਤੈਸੇ ਆਪਨੇ ਆਪਨੇ ਇਸ਼ਟ ਚਾਹਤ ਸਭੈ
ਆਪਨੇ ਪਹਿਰੇ ਸਭ ਜਗਤ ਸੁਜਾਗ ਹੈ ।

ਇਵੇਂ ਹੀ ਆਪਣੇ ਆਪਣੇ (ਇਸ਼ਟ) ਪਿਆਰੇ ਧਰਮ ਨੂੰ ਸਭ ਚਾਹੁੰਦੇ ਹਨ ਅਤੇ ਆਪੋ ਆਪਣੇ ਪਹਿਰੇ ਵਿਚ ਸਾਰਾ ਜਗਤ ਜਾਗਦਾ ਹੈ ਭਾਵ ਆਪੋ ਆਪਣਾ ਕੰਮ ਕਰਨ ਨੂੰ ਸਾਰਾ ਜਗਤ ਤਿਆਰ ਹੋ ਪੈਂਦਾ ਹੈ ॥

ਸੂਨ ਸਮਰਥ ਭਏ ਬਨਜ ਬਿਕਾਨੇ ਜਾਨੈ
ਇਸ਼ਟ ਪ੍ਰਤਾਪ ਅੰਤਕਾਲ ਅੱਗ੍ਰਭਾਗ ਹੈ ॥੫੫੨॥

(ਜਿਵੇਂ ਜਿਸਦੇ ਘਰ ਵਿਚ) ਪੁੱਤਰ ਕਮਾਊ ਤਿਆਰ ਬਰ ਤਿਆਰ ਹੋ ਜਾਵੇ ਵਣਜ ਦੇ ਜਾਣਨ ਵਿਕਾਉਣ ਵਿਚ ਤਾਂ ਓਹ ਕਿਸੇ ਪਾਸੋਂ ਧੋਖਾ ਨਹੀਂ ਖਾਂਦਾ ਇਵੇਂ ਹੀ ਆਪੋ ਆਪਣੇ (ਇਸ਼ਟ) ਪਿਆਰੇ ਧਰਮ ਦਾ ਪ੍ਰਤਾਪ ਅੰਤ ਨੂੰ ਮਰਨ ਲਗਿਆਂ (ਅਗ੍ਰ ਭਾਗ) ਅਗੇ (ਸਹਾਇਤਾ ਕਰਨ ਵਾਲਾ) ਹੁੰਦਾ ਹੈ ॥ ੫੫੨ ॥

ਭਾਵੇਂ ਉਪ੍ਰੋਕਤ ਆਪੋ ਆਪਣੇ ਧਰਮ ਨੂੰ ਸਾਰੇ ਲੋਕ ਚੰਗਾ ਜਾਣਦੇ ਹਨ ਪਰ ਚੰਗਾ ਓਹੋ ਹੀ ਹੈ ਜਿਸਨੂੰ ਲੋਕ ਸਲਾਹੁਣ ॥

ਆਪਨੇ ਸੁਅਨ ਸਭ ਕਾਹੂਐ ਸੁੰਦਰ ਲਾਗੇ
ਸਫਲ ਸੁੰਦਰਤਾ ਸੰਸਾਰ ਮੈ ਸਰਾਹੀਐ ।

ਆਪਣਾ ਪੁਤ੍ਰ ਸਭ ਕਿਸੇ ਨੂੰ ਚੰਗਾ ਲਗਦਾ ਹੈ ਪਰ ਸੁੰਦ੍ਰਤਾ ਸਫਲ ਸੋਈ ਹੈ ਜਿਸਨੂੰ ਸੰਸਾਰ ਵਿਚ ਸਲਾਹਿਆ ਜਾਵੇ ॥

ਆਪਨੇ ਬਨਜੁ ਬੁਰੋ ਲਾਗਤ ਨ ਕਾਹੂ ਰਿਦੈ
ਜਾਹਿ ਜਗ ਭਲੋ ਕਹੈ ਸੋਈ ਤੌ ਬਿਸਾਹੀਐ ।

ਆਪਣਾ ਵਪਾਰ ਕਿਸੇ ਨੂੰ ਭੀ ਹਿਰਦੇ ਵਿਚ ਬੁਰਾ ਨਹੀ ਲਗਦਾ ਪਰ ਜਿਸ ਨੂੰ ਜਗਤ ਭਲਾ ਆਖੇ ਉਸ (ਸੌਦੇ ਨੂੰ) (ਬਿਸਾਹੀਐ) ਖਰੀਦਣਾ ਚਾਹੀਦਾ ਹੈ ॥

ਆਪਨੋ ਕਰਮ ਕੁਲਾ ਧਰਮ ਕਰਤ ਸਭੈ
ਉਤਮ ਕਰਮ ਲੋਗ ਬੇਦ ਅਵਗਾਹੀਐ ।

ਆਪਣੀ ਕੁਲ ਦੇ ਧਰਮ ਦਾ ਕੰਮ ਸਾਰੇ ਹੀ ਕਰਨਾ ਚੰਗਾ ਆਖਦੇ ਹਨ ਪਰ ਉਤਮ ਕੰਮ ਓਹੋ ਹੀ ਹੈ ਜਿਸਨੂੰ ਲੋਕਾਂ (ਦਾ ਸ਼ਾਸਤ੍ਰ) ਅਤੇ ਵਡੇ ਵਡੇ ਵੇਦਾਂ ਵਤ ਪੁਸਤਕਾਂ ਵਿਚ ਮਹਾਤਮਾਂ ਨੇ (ਅਵਗਾਹੀਐ) ਚੰਗਾ ਵਿਚਾਰਿਆ ਹੋਵੇ ॥

ਗੁਰ ਬਿਨ ਮੁਕਤਿ ਨ ਹੋਇ ਸਭ ਕੋਊ ਕਹੈ
ਮਾਯਾ ਮੈ ਉਦਾਸ ਰਾਖੈ ਸੋਈ ਗੁਰ ਚਾਹੀਐ ॥

ਗੁਰਾਂ ਤੋਂ ਬਿਨਾ ਮੁਕਤੀ ਨਹੀਂ ਹੁੰਦੀ ਏਹ ਗਲ ਸਭ ਕੋਈ ਆਖਦਾ ਹੈ ਪਰ ਜੇਹੜਾ ਮਾਇਆ (ਗ੍ਰਿਸਤ)ਵਿਚ ਉਦਾਸ (ਨਿੰਤਾ ਵਾਕੁਰ) ਰਖੇ ਓਹ ਗੁਰੂ ਚਾਹੀਦਾ ਹੈ ॥

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥
ਜਿਸ ਮਿਲਿਐ ਮਨ ਹੋਇ ਅਨੰਦਾ ਸੋ ਸਤਿਗੁਰੁ ਕਹੀਐ ॥

[ਗੁਰੂ ੧ ਆਸਾਮਲਾਰ]

ਕੁੰਭੇ ਬਧਾ ਜਲ ਰਹੈ ਜਲੁ ਬਿਨ ਕੁੰਭ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨ ਗਿਆਨ ਨ ਹੋਇ ॥

ਹੋਰ ਭਾਈ ਗੁਰਦਾਸ ਜੀ ਦੀ ੧੫ ਵੀਂ ਵਾਰ ਸਾਰੀ ਵੇਖੋ

ਗੁਰ ਬਿਨ ਘੋਰ ਅੰਧਾਰ ਗੁਰੂ ਬਿਨ ਸਮਝ ਨ ਆਵੈ ॥

[ਗੁਰੂ ੪ ਭਟਾਂ ਦੇ ਸ੍ਵੈਯਾਂ ਵਿਚੋਂ ਵੇਖੋ]

ਗੁਰ ਪਰਮੇਸਰ ਪੂਜੀਐ ਮਨਿ ਤਨਿ ਲਾਇ ਪਿਆਰੁ ॥

[ਗੁਰੂ ੫ ਸਿਰੀ ਰਾਗ ਵਿਚੋਂ ਮੁਹਰਲਾ ਸਾਰਾ ਸ਼ਬਦ ਵੇਖੋ]

ਪੂਜਹੁ ਸੰਤ ਜਨਹੁ ਮਿਲਿ ਭਾਈਹੋ ॥

[ਗੁਰੂ ੫ ਸਿਰੀ ਰਾਗ ਵਿਚੋਂ ਇਹ ਵੀ ਸ਼ਬਦ ਵੇਖੋ]

ਤੂੰ ਨਿਰੰਜਨ ਜੋਤ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ॥

[ਗੁਰੂ ੧ ਸੋਰਠ]

ਉਪ੍ਰੋਕਤ ਗੁਰੂ ਪ੍ਰਮਾਤਮਾ ਦੇ ਦਰਵਾਜੇ ਤੇ ਮੁਹਰਲੇ ਦੇਵਤੇ ਮੰਗਤਿਆਂ ਵਾਕਰ ਖੜੇ ਪੁਕਾਰ ਰਹੇ ਹਨ ਅਤੇ ਸੋਈ ਗੁਰ ਪ੍ਰਮਾਤਮਾ ਸਾਧ ਸੰਗਤ ਵਿਚ ਵਸਦਾ ਹੈ ॥

***ਸਵੈਯਾ ॥ ਬੇਦ ਬਿਰੰਚ ਬਿਚਾਰ ਨ ਪਾਵਤ,**
ਹੱਲੂਤ ਸੇਖ ਸ਼ਿਵਾਦਿ ਭਏ ਹੈ ॥

(ਬਿਰੰਚ) ਬ੍ਰਹਮਾ। ਬ੍ਰਹਮਾ ਵੇਦਾਂ ਨੂੰ ਵਿਚਾਰਦਾ ਵਾਹਿਗੁਰੂ ਦਾ ਅੰਤ ਨਹੀਂ ਪੌਂਦਾ ਅਤੇ ਸ਼ੇਸ਼ਨਾਗ ਤੇ ਸ਼ਿਵਜੀ ਆਦਿਕ ਹੈਰਾਨ ਹੀ ਹੋਇ ਰਹਿੰਦੇ ਹਨ ਭਾਵ ਸ਼ੇਸ਼ਨਾਗ ਹਜਾਰ ਮੂੰਹ ਕਰਕੇ ਅਤੇ ਸ਼ਿਵਜੀ ਹਜਾਰ੨ ਵਰ੍ਹੇ ਦੀ ਤਾੜੀ ਕਰਕੇ ਵਾਹਿਗੁਰੂ ਦਾ ਅੰਤ ਨਹੀਂ ਪੌਂਦਾ।

ਜੋਗ ਸਮਾਧਿ ਅਰਾਧਤ ਨਾਰਦ,
ਸਾਰਦ ਸ਼ੌਕ ਸਨਾਤ ਨਏ ਹੈ ॥

(ਜਿਸ ਵਾਹਿਗੁਰੂ ਨੂੰ) ਤਾੜੀ ਲਾਕੇ ਨਾਰਦ, ਦੇਵੀ, ਇਦ੍ਰ ਬ੍ਰਹਮਾ ਦੇ ੪ ਪੁਤ੍ਰ (ਨਏ) ਨਵੇਂ (ਜਵਾਨ ਉਮਰ ਵਾਲੇ) ਅਤੇ ਜੋਗੀ ਧਰ ਧਿਆਨ ਕਰਕੇ (ਅਰਾਧਦੇ ਹਨ।) [ਵੇਖੋ ਭਟਾਂ ਦੇ ਸਵੈਯਾਂ ਵਿਚੋਂ]

ਆਦਿ ਅਨਾਦਿ ਅਗਾਧ ਅਗੋਚਰ,
ਨਾਮ ਨਿਰੰਜਨ ਜਾਪ ਜਏ ਹੈ ॥

ਸਭ ਦਾ ਪਹਿਲਾ ੧ ਹੋਰਨਾਂ ਦੇ ਪਹਿਲੋਂ ਦਾ ੨ ਬੇਅੰਤ ਡੂੰਘਾ ੩ ਨੇਤ੍ਰ ਆਦਕ ਤੋਂ ਛਪਿਆ ਹੋਇਆ ੪ ਜੇੜਾ ਮਾਇਆ ਤੋਂ ਰਹਿਤ ਵਾਹਿਗੁਰੂ ਹੈ ਉਸਦੇ ਨਾਮ ਦਾ ਉਪ੍ਰੋਕਤਿ ਸਾਰੇ ਜੇ ਜੇ ਕਾਰ ਕਰਕੇ ਜਾਪ ਜਪਦੇ ਹਨ।

ਸ੍ਰੀ ਗੁਰ ਦੇਵ ਸਮੇਵ ਸੁ ਸੰਗਤ,
ਪੈਰਿ ਪਏ ਭਾਈ ਪੈਰਿ ਪਏ ਹੈ ॥ ੫੫੩ ॥

ਸੋ ਸ਼ੁਭਾਇਮਾਨ ਪ੍ਰਕਾਸ਼ ਸਰੂਪ ਵਾਹਿਗੁਰੂ ਦਾ ਰੂਪ ਗੁਰੂ ਨਾਨਕ ਜੀ ਸਾਧ ਸੰਗਤ ਵਿਚ (ਸਮੇਵ) ਸਮਾਏ (ਮਿਲੇ) ਹੋਏ ਹਨ ਭਾਈ ਜੀ ਆਹਦੇ ਹਨ ਹੇ ਭਾਈ ਅਸੀ ਉਸਦੀ ਦੋਹਾਂ ਪੈਰੀ ਪੈਂਦੇ ਹਾਂ ਅਥਵਾ ਜੇਹੜੇ ਸਿਖ ਉਕਰਦੇ ਗੁਰੂ ਦੀ ਪੈਰੀ ਪਏ ਹਨ ਅਸੀ ਉਨ੍ਹਾਂ ਦੀ ਪੈਰੀਂ ਪੈਂਦੇ ਹਾਂ ॥ ੫੫੪ ॥

---

* ਏਹੁ ਸਵੈਯਾ ਸਭਾਂ ਭਗਨਾਂ ਗਨਾਂ ਦਾ ਤੇ ਦੋ ਗੁਰੂਆਂ ਦਾ ਹੈ ਭਾਵ ਤਿੰਨਾਂ ਅਖਰਾਂ ਵਿਚ ਪਹਿਲਾ ਅਖਰ ਦੀਰਘ (ਨਾਵਾਂ ਮਾਤ੍ਰਾਂ ਵਿਚੋਂ ਕੋਈ ਮਾਤ੍ਰ ਲਗੀ ਹੋਵੇ ਜਿਸਨੂੰ) ਅਤੇ ਅਗਲੇਰੇ ਦੋ ਲਘੂ (ਤਿਨਾਂ ਮਾਤ੍ਰਾ ਵਿਚੋਂ ਯਾ ਖਾਲੀ ਮੁਕਤਾ ਯਾ ਔਂਕੜ ਯਾ ਸਿਆਰੀ) (ਜਿ) (ਲਗੀ ਹੋਵੇ) ਹੁੰਦੇ ਹਨ। ਕਈ ਕੁ ਮਗਨ ਗਣਾਂ ਦੇ ਸਵੈਯੇ ਵੀ ਹੁੰਦੇ ਹਨ ਵੇਖੋ ਪ੍ਰਸਤਾਰ ਸੰਗ੍ਰਹ ਵਿਚੋਂ। ਗਿਆਨੀ ਅਕਲ ਦੇ ਭੰਡਾਰ ਇਸਨੂੰ ਮਾਤ੍ਰਕ ਸਵੈਯਾ ਆਹਦੇ ਹਨ।

ਸੰਸਾਰੀ ਲੋਗ ਸੂਮ ਸਾਰੀ ਉਮਰ ਮਾਇਆ ਨੂੰ ਕਠੀ ਕਰ ਕਰਕੇ ਮਰਨ ਲਗੇ ਇਕੂਰ ਛਡ ਜਾਂਦੇ ਹਨ।

ਕਬਿਤ॥ *ਜੈਸੇ ਮਧੁਮਾਖੀ ਸੀਂਚ ਸੀਂਚਕੈ ਇਕਤ੍ਰ ਕਰੈ, ਹਰੈ ਮਧੁ ਆਇ ਤਾਂਕੇ ਮੁਖ ਛਾਰ ਡਾਰਕੈ ॥

ਜਿਕੂਰ ਮਾਖਿਉਂ ਦੀ ਮੱਖੀ ਸ਼ਹਤ ਨੂੰ ਥੋੜਾ ਥੋੜਾ ਸਿੰਜ ਸਿੰਜ ਕੇ ਕੱਠਾ ਕਰਦੀ ਹੈ ਅਤੇ ਉਸ ਮੱਖੀ ਦੇ ਮੂੰਹ ਵਿਚ ਸੁਆਹ ਪਾਕੇ ਸ਼ਹਤ ਲੈਣ ਵਾਲਾ ਆਕੇ ਉਨ੍ਹਾਂ ਮਖੀਆਂ ਨੂੰ ਮਾਰਕੇ ਖੋਹ ਲੈਂਦਾ ਹੈ। ਜਿਉ ਮਧੁ ਮਾਖੀ ਸੰਚੈ ਅਪਾਰ। ਮਧੁ ਲੀਨੋ ਮੁਖ ਦੀਨੋ ਛਾਰ ॥ [ਨਾਮਦੇਉ ਸਾਰੰਗ]

ਜੈਸੇ ਬੱਛ ਹੇਤ ਗਊ ਸੰਚਤ ਹੈ ਛੀਰ, ਤਾਂਹਿ ਲੇਤ ਹੈਂ ਅਹੀਰ ਦੂਹਿ ਬਛੁਰੈ ਬਿਟਾਰ ਕੈ ॥

(ਬਿਟਾਰ) ਹਟਾਕਾਰ। ਜਿਕੂਰ ਗਾਂ ਵੱਛੇ ਵਾਸਤੇ ਦੁਧ(ਥਣਾਂ ਵਿਚ)ਕੱਠਾ ਕਰਦੀ ਹੈ ਅਤੇ ਗੁੱਜਰ ਵੱਛੇ ਨੂੰ ਹਟਾਕੇ ਤਿਸ ਗਊ ਨੂੰ (ਦੁਹਿ) ਚੋ ਲੈਂਦੇ ਹਨ ਗਊ ਬਾਛ ਕਉ ਸੰਚੈ ਖੀਰ। ਗਲਾ ਬਾਂਧਿ ਦੁਹਿ ਲੇਇ ਅਹੀਰ॥ [ਨਾਮਦੇਉਜੀ ਸਾਰੰਗ]

---

*ਇਸਨੂੰ ਅਸੀ ਸੁਸਿੱਧਾਲੰਕਾਰ ਆਖਦੇ ਹਾਂ ਵੇਖੋ ਸਾਡੀ ਕਵਿ ਕੁਲ ਭੂਖਨਾਂ ਦੀ ਕੁਲ ਵਿਚ ਕੇਸੋ ਦਾਸ ਜੀ ਕਵਿ ਕੁਲ ਕਲਸ ਦੇ ਕਵੀ ਪ੍ਰਿਯਾ ਦੇ ੧੨ਵੇਂ ਅਧਯਾਇ ਦਾ ੪, ੫, ੬ ਵਾਂ ਅੰਕ ॥ ਅਥ ਸੁਸਿੱਧਾਲੰਕਾਰ ਦਾ ਲਛਨ ॥ਦੋਹਾ॥ ਸਾਧ ਸਾਧ ਔਰੈ ਮਰੈ ਔਰੈਭੂਗਵਤ ਸਿੱਧਾਤਾਂਸੋਂ ਕਹਿਤ ਸੁਸਿਧ ਸਭ ਜਿਨਕੇ ਬੁਧਿ ਸਮ੍ਰਿਧ ॥ ੪ ॥ ਛਪੈ ਸਰਘਾ ਸੰਚਿ ਸੰਚਿ ਮਰਹਿੰ ਸੁਘਰ ਮਧੁਪਾਨ ਕਰਹਿ ਮੁਖ। ਖਨਿ ਖਨਿ ਮਰਹਿ ਗਵਾਰ ਕੂਪ ਜਲ ਪੀਅਤ ਪੱਥਕ ਸੁਖ। ਬਾਗਵਾਨ ਬਹਿ ਮਰਤ ਫੂਲ ਬਾਂਧਤ ਉਦਾਰ ਨਰ। ਪਚਿ ਪਚਿ ਮਰਤ ਸੁਵਾਰ ਭੂਪ ਭੋਜਨ ਨਿਕਰਤ ਭਰ। ਭੂਖਨ ਸੁਨਾਰ ਗਢਿ ਗਢਿ ਮਰਹਿੰ ਭਾਮਨਿ ਭੂਖਤ ਕਰਹਿੰ ਤਨ। ਕਹਿ ਕੇਸਵ ਲੇਖਕ ਲਿਖ ਲਿਖ ਮਰਹਿੰ ਪੰਡਿਤ ਪੜ੍ਹਤ ਪੁਰਾਨ ਗਨ ॥ ੬ ॥

ਕਈ ਵੇਰੀ ਵੇਖਿਆ ਹੈ ਕਿ ਕਥਾ ਕਰਨ ਲਗਿਆਂ ਸਾਡੇ ਗਿਆਨੀ ਅਕਲ ਦੇ ਭੰਡਾਰ ਇਕੂਰ ਦੇ ਅਲੰਕਾਰਾਂ ਦਾ ਹੋਰ ਦਾ ਹੋਰ ਊਟ ਪਟਾਂਗ ਨਾਂਮ ਸੁਣਿਆਂ ਅਣਸੁਣਿਆਂ ਲੈ ਦਿੰਦੇ ਹਨ ਸੋ ਉਨਾਂ ਨੂੰ ਚਾਹੀਦਾ ਹੈ ਕਿ ਆਪਣੀ ਵਿਦਯਾ ਨੂੰ ਢਕ ਕੇ ਰਖਿਆ ਕਰਨ ਕਿਉਂਕਿ ਸਿਵਾਇ ਵਿਦਯਾ ਦੇ ਉਨਾਂ ਦੀ ਅਵਿਦਯਾ ਨਾਂ ਪ੍ਰਗਟ ਹੋਵੇ ਜੇਹਾ ਕੁ ਸਾਦੀ ਨੇ ਗੁਲਿਸਤਾਂ ਦੇ ਪਹਿਲੇ ਬਾਬ ਦੇ ਹਿਕਾਯਤ ਵਿਚ ਲਿਹਾ ਹੈ। ਤਾ ਮਰਦ ਸੁਖਨ ਨ ਗੁਫਤਹ ਬਾਸ਼ਦ। ਐਬ ਹੁਨਰਸ਼ ਨਿਹੁਫਤਹ ਬਾਸ਼ਦ ॥

ਜੈਸੇ ਧਰ ਖੋਦ ਖੋਦ ਕਰ ਬਿਲ ਸਾਜੈ ਮੂਸਾ,
ਪੈਸਤ ਸਰਪ ਧਾਇ ਖਾਇ ਤਾਂਹਿ ਮਾਰਕੈ ॥

ਜਿੱਕੁਰ ਧਰਤੀ ਪੁਟ ਪੁੱਟਕੇ ਚੂਹਾ ਖੁੱਡ ਬਣੌਂਦਾ ਹੈ ਅਤੇ ਸੱਪ ਉਸ ਵਿਚ ਦੌੜਕੇ ਵੜ ਜਾਂਦਾ ਹੈ ਅਤੇ ਉਸ ਚੂਹੇ ਨੂੰ ਮਾਰ ਖਾਂਦਾ ਹੈ ॥

ਤੈਸੇ ਕੋਟ ਪਾਪ ਕਰ †ਮਾਯਾ ਜੋਰ ਜੋਰ ਮੂੜ੍ਹ,
ਅੰਤਕਾਲ ਛਾਡ ਚਲੈ ਦੋਨੋ ਕਰ ਝਾਰ ਕੈ ॥੫੫੫॥

ਤਿੱਕੁਰ ਹੀ ਮੂਰਖ ਆਦਮੀ ਕਰੋੜਾਂ ਪਾਪ ਕਰ ਕਰਕੇ ਮਾਇਆ ਨੂੰ ਜੋੜ ਜੋੜ ਕੇ ਅੰਤ ਦੇ ਵੇਲੇ (ਮਰਨ ਲਗੇ) ਦੋਏਂ (ਕਠ) ਹਥ ਝਾੜਕੇ ਚਲੇ ਜਾਂਦੇ ਹਨ।

(ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ) । ਭਾਵ ਜੇ ਵਾਹਿਗੁਰੂ ਨੂੰ ਪਹਾੜ ਚੁਕਣ ਵਾਲਾ ਨੰਦ ਦਾ ਪੁਤ੍ਰ ਇਤਯਾਦਕ ਵਿਸ਼ੇਸ਼ਣਾਂ ਵਾਲਾ ਬਣਾਕੇ ਕਹੀਏ ਤਾਂ ਕੀ ਉਸਦੀ ਵਡਿਆਈ ਹੈ? ਨਹੀਂ ਬਲਕਿ ਨਿੰਦਿਆ ਹੈ ਜਿਕੁਰ ਕੋਈ ਚਕ੍ਰਵਰਤੀ ਰਾਜਾ ਆਵੇ ਤਾਂ ਉਸਦੀ ਪੇਸ਼ਵਾਈ ਜਾਕੇ ਉਸਨੂੰ ਕਿਹਾ ਕਿ ਆਓ ਮਾਂਆਂ ਜੀ ਬਹਿ ਜਾਵੋ ਕੀ ਉਸਦੀ ਉਸਤਤਿ ਹੋਈ ਬਲਕਿ ਨਿੰਦਾ ਤੋਂ ਵੀ ਪਰੇ, ਸਾਡੇ ਪੁਸਤਕਾਂ ਵਿਚ ਉਸਤਤਿ ਬਯਾਜ ਨਿੰਦਾ ਅਤੇ ਨਿੰਦਾ ਬਯਾਜ ਸਤੁਤਿ ਅਲੰਕਾਰ ਹੁੰਦੇ ਹਨ ਸੋ ਏਹ ਵੀ ਉਨ੍ਹਾਂ ਦੇ ਅੰਤ੍ਰ ਭੂਤ ਹੁੰਦਾ ਹੈ ॥

ਜਾਂਕੇ ਏਕ ਰੋਮ ‡ਅਗ੍ਰ ਭਾਗ ਹੈ ਧਰਨਿ ਧਾਰੀ,
ਤਾਂਹਿ ‖ਗਿਰਧਰ ਕਹੈ ਕੌਨ ਸੀ ਬਡਾਈ ਹੈ ॥

---

† ਮਾਇਆ ਦੇ ਬਾਹਲੇ ਸਾਰ ਨਿਰਨੇ ਲਈ ੫੪੪ ਵੇਂ ਕਬਿਤ ਦਾ ਸਿਰਲੇਖ ਏਸੇ ਪੁਸਤਕ ਕਬਿਤਾਂ ਸਵੈਯਾਂ ਵਿਚੋਂ ਵੇਖੋ ਇਸ ਦਾ ਅਸਲੀ ਯਥਾਰਥ ਭਾਵ ਏਹ ਹੈ ਕੇ ਪਦਾਰਥ ਨੂੰ ਚੰਗੇ ਕੰਮਾਂ ਵਿਚ ਲੌਣਾਂ ਚਾਹੀਦਾ ਹੈ ਅਤੇ ਸੂਮਤਾ ਕਰਕੇ ਧਰਤੀ ਵਿਚ ਨੱਪ ਰਖਣਾਂ ਨਹੀਂ ਚਾਹੀਦਾ ॥

‖ਸ੍ਰੀ ਕ੍ਰਿਸ਼ਨ ਜੀ ਦੇ ਇਤਹਾਸ ਵਿਚ ਲਿਖਿਆ ਹੋਇਆ ਹੈ ਕਿ ਇਕ ਦਿਨ (ਇੰਦਰ) ਬਰਖਾ ਨੇ ਬੜਾ ਬ੍ਰਿਜ ਉਪਰ ਗੁਸਾ ਕੀਤਾ ਅਤੇ ਮੋਹਲੇ ਧਾਰ ਮੀਂਹ ਪੈਣ ਲਗ ਪਿਆ ਜੇਹੜਾ ਕਿ ਬੰਦ ਹੀ ਨਾ ਹੋਵੇ ਇਸ ਵਾਸਤੇ ਕ੍ਰਿਸ਼ਨ ਜੀ ਨੇ ਗੋਪੀਆਂ ਗੁਵਾਲਿਆਂ ਗਊਆਂ ਦੀ ਰਖਿਆ ਵਾਸਤੇ ਇਕ ਚੀਚੀ ਉਂਗਲੀ ਤੇ ਪਹਾੜ ਚੁਕ ਛਡਿਆ ਸੀ ॥

‡ਇਸ ਸਾਰੇ ਕਬਿਤ ਦੀ ਸੁਧੀ (ਯਥਾਰਥ ਪਾਠ ਵਾਸਤੇ) ਗੁਰਮਤ ਸੁਧਾਕਰ ਦੇ ੩੬੭ ਪੰਨੇ ਉਤੇ ਵੇਖੋ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨਿਵਾਸੀ ਪੂਰਨ ਕਾਵਯ ਦੇ ਵੇਤਾ ਹਨ ॥

ਜਿਸਦੀ ਇਕ ਰੋਮ ਅਗੇ ਧਰਤੀ ਚੁਕੀ ਹੋਈ ਹੈ ਅਥਵਾ ਜਿਸ ਨੇ ਇਕ ਰੋਮ ਨਾਲ ਧਰਤੀ ਚਾਈ ਹੋਈ ਹੈ ਤਿਸ ਨੂੰ ਪਹਾੜ ਚੁਕਣ ਵਾਲਾ ਆਖ ਦਸੀਏ ਤਾਂ ਉਸਦੀ ਕਿਆ ਉਪਮਾ ਹੁੰਦੀ ਹੈ—ਭਾਵ ਜਿਸ ਭਗਵਾਨ ਨੇ ਸਾਰੀ ਧਰਤੀ ਆਪਣੇ ਇਕ ਰੋਮ ਦੇ ਅਗੇ ਚੁਕੀ ਹੋਈ ਹੈ ਉਸ ਨੂੰ ਜੇ ਅਸੀਂ ਇਕ ਨਿੱਕਾ ਜਿਹਾ ਪਹਾੜ ਚੁਕਣ ਵਾਲਾ ਕਹਿ ਦਸੀਏ ਤਾਂ ਉਸਦੀ ਕਿਆ ਵਡਿਆਈ ਹੁੰਦੀ ਹੈ ਇਸੇ ਤਰ੍ਹਾਂ ਜਿਸ ਵਾਹਿਗੁਰੂ ਆਪਣੇ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਕੇ ਖਾਣ ਪਹਿਰਾਣ ਰਪ ਭਾਰ ਚੁਕਿਆ ਹੋਇਆ ਹੈ ਉਸ ਨੂੰ ਜੇ ਇਕ ਕ੍ਰਿਸ਼ਨ ਪਹਾੜ ਚੁਕਣ ਵਾਲਾ ਆਖ ਦਈਏ ਤਾਂ ਕੀ ਉਸਦੀ ਵਡਿਆਈ ਹੁੰਦੀ ਹੈ ॥

ਜਾਂ ਕੋ ਏਕ ਬਾਵਰੋ ਹੂੰ 'ਵਿਸ੍ਵ ਨਾਥ' ਨਾਮ ਕਹੈ,
ਤਾਂਹਿ ਬ੍ਰਿਜਨਾਥ ਕਹੇ ਕੌਨ ਅਧਿਕਾਈ ਹੈ ॥

ਜਿਸ ਦਾ ਇਕ ਬੌਰਾ (ਪਾਗਲ ਜੇਹਾ ਹੀ) ਸਾਰੇ ਸੰਸਾਰ ਦਾ ਸੁਆਮੀ ਇੱਕਰ ਦਾ, ਨਾਮ ਕਹਿੰਦਾ ਹੈ ਤਿਸ ਨੂੰ ਤੁਸੀਂ ਇਕ ਬ੍ਰਿਜ ਪਿੰਡ ਦਾ ਸੁਆਮੀ ਆਂਹਦੇ ਹੋ ਇਸ ਵਿਚ ਉਹਦੀ ਕੀ ਅਧਿਕਤਾ ਹੈ ਭਾਵ ਜਿਸ ਨੂੰ ਇਕ ਝਲੇ ਤੋਂ ਝੱਲਾ ਆਦਮੀ ਸਾਰੇ ਸੰਸਾਰ ਦਾ ਮਾਲਕ ਆਖਦਾ ਹੈ ਤਿਸ ਨੂੰ ਤੁਸੀ ਇਕ ਪਿੰਡ ਦਾ ਮਾਲਕ ਆਖਦੇ ਹੋ ਇਸ ਵਿਚ ਉਸਦੀ ਕੀ ਅਧਿਕਤਾ ਹੈ (ਵਯੰਗ ਬਚਨ ਹੈ)

ਅਨਿਕ ਅਕਾਰ ਓਅੰਕਾਰ ਕੈ ਬਿਥਾਰ ਤਾਂਹਿ
ਨੰਦ ਕੋ ਨੰਦਨ ਕਹੇ ਕੌਨ ਪ੍ਰਭਤਾਈ ਹੈ ॥

ਜਿਸ ੧ ਵਾਹਿਗੁਰੂ ਦੇ ਅਕਾਰ (ਸਰੂਪ) ਦੇ ਬਾਹਲੇ ਸਾਰੇ (ਖਿਲਾਰ) ਫੈਲਾਉ ਹਨ ॥ ਉਸ ਨੂੰ ਨੰਦ ਬਾਬ ਦਾ ਨੰਦਨ ਪੁਤ੍ਰ ਕਿਹਾਂ ਹੋਇਆਂ ਉਸ ਦੀ ਕੇਹੜੀ ਪ੍ਰਭਤਾਈ ਹੈ ਭਾਵ ਜਿਸਨੇ ਇਸ ਸਾਰੇ ਸੰਸਾਰ ਦਾ ਪਸਾਰਾ ਕੀਤਾ ਹੋਇਆ ਹੈ (ਅਤੇ ਬਾਹਲੇ ਸਾਰੇ ਜੀਵਾਂ ਰੂਪ ਪੁਤ੍ਰ ਉਸਦੇ ਹਨ) ਉਸ ਨੂੰ ਤੁਸੀ ਇਕ ਨੰਦ ਬਾਬੇ ਦਾ ਪੁਤ੍ਰ ਆਖਦੇ ਹੋ ਇਸ ਵਿਚ ਉਸਦੀ ਕਿਆ ਪ੍ਰਭਤਾਈ ਹੈ।

ਜਾਨੈ ਉਸਤਤਿ ਔਰ ਕਰਤ ਹੈਂ ਨਿੰਦਾ ਮੂੜ੍ਹ,
ਐਸੇ ਹੀ ਆਰਾਧਬੇ ਤੇ ਮੌਨ ਸੁਖਦਾਈ ਹੈ॥੫੫੬॥

ਹੇ (ਕ੍ਰਿਸ਼ਨ ਉਪਾਸ਼ਕੋ) ਜਾਣਦੇ ਹੋ ਤੁਸੀਂ ਉਸਤਤਿ ਹੈ ਕਿ ਅਸੀਂ ਕ੍ਰਿਸ਼ਨ ਜੀ ਦੀ ਉਸਤਤਿ ਕਰਦੇ ਹਾਂ ਪਰ ਉਸ ਦੀ ਕਰਦੇ ਤੁਸੀ ਨਿੰਦਿਆ ਹੋ ਇਸ ਲਈ ਇੰਞ ਦੇ ਅਰਾਧਣੇ ਤੋਂ ਤੁਸੀਂ (ਮੌਨ) ਚੁਪ ਕਰ ਰਹੋ ਤਾਂ ਚੰਗਾ ਹੈ ਭਾਵ ਤੁਹਾਨੂੰ ਵੀ ਸੁਖ ਹੋਵੇ॥੫੫੬॥

॥ ਇਤਿ ॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ

ਮੰਗਲ ਸਟੀਕ

ਅਜਕਲ੍ਹ ਲੋਕ ਕਵਿਤਾਦੇ ਪੁਸਤਕਾਂਨੂੰ ਛਡਕੇ ਵਾਰਤਕਵਲ ਬਹੁਤੀ ਰੁਚੀ ਰੱਖਦੇਹਨ ਕਯੋਂਕਿ ਗੂੜ੍ਹ ਭਾਵਾਂਵਾਲੀਆਂ ਕਵਿਤਾ ਹਰਇੱਕ ਨਹੀਂ ਸਮਝ ਸਕਦਾ। ਟਾਵੇਂ੨ ਸੱਜਨ ਮਿਲਦੇ ਹਨ ਜਿਹੜੇ ਇਸਨੂੰ ਪੂਰਾ ਪੂਰਾ ਪੜ੍ਹ ਸਕਦੇ ਹਨ ਕਈ ਸੱਜਨ ਬਾਹਰ ਪਲਟਨਾਂ, ਗੁਰਦੁਆਰਿਆਂਵਿਚ ਕਥਾ ਕਰਨਵਾਲੇ ਗੁਨੀ ਅਤੇ ਗਿਆਨੀ ਅਤੇ ਉਪਦੇਸ਼ਕ ਇਸਦੇ ਅਰਥਾਂ ਵੱਲੋਂ ਬੜੇ ਔਖੇ ਹੁੰਦੇ ਸਨ, ਸੋ ਇਨ੍ਹਾਂ ਔਕੜਾਂਨੂੰ ਦੂਰ ਕਰਨ ਲਈ ਭਾਈ ਬਿਸ਼ਨ ਸਿੰਘ ਜੀ ਗ੍ਰੰਥੀ ਖਾਲਸਾ ਕਾਲਜ ਨੇ ਨਾਨਕ ਪ੍ਰਕਾਸ਼ ਦੇ ਮੰਗਲਾਂਦਾ ਟੀਕਾ ਬੜੀ ਮਿਹਨਤ ਨਾਲ ਕੀਤਾ ਹੈ

ਜਿਸ ਸਜਨ ਨੇ ਮੰਗਵਾਨਾ ਹੋਵੇ ਹੇਠ ਲਿਖੇ ਪਤੇ ਤੋਂ ਮੰਗਵਾਵੇ

[illegible]ਆਨ ਸਿੰਘ ਐਮ: ਸੁਪ੍ਰੰਡੈਂਟ
ਖਾਲਸਾ ਕਾਲਜ ਅੰਮ੍ਰਿਤਸਰ

ਨੋਟ--ਇਹ ਕਬਿਤ ਸਵੈਯਾਂਦਾ ਟੀਕਾਭੀ ਉਪਰਲੇ ਪਤੇ ਤੋਂ ਮਿਲਦਾ ਹੈ ॥